January 1975

# ਸਰਦਲ

ਜਨਵਰੀ 1975

ਜਿਲਦ 4 ] [ ਅੰਕ 6

ਐਡੀਟਰ—ਹਰਬੰਸ ਸਿੰਘ ਜੌਲੀ

| | |
|---|---|
| ਮੁੱਲ | ਇਕ ਰੁਪਿਆ |
| ਸਾਲਾਨਾ ਚੰਦਾ | ਦਸ ਰੁਪਏ |


## ਇਸ ਅੰਕ ਵਿਚ


ਕਵਿਤਾਵਾਂ

ਕਵਿਤਾ ਤੇ ਕੱਥਾ / ਸੀ. ਮਾਰਕੰਡਾ । ਅਸੀਂ ਜੋ ਜਾਣਦੇ ਹਾਂ.. / ਮਨਮੋਹਨ ਸੰਧੂ । ਗੀਤ / ਊਧਮ ਸਿੰਘ ਸ਼ਾਹੀ ।

ਕਹਾਣੀਆਂ

ਤੁਸੀਂ ਸ਼ਰਮ ਕਦੋਂ ਕਰੋਗੇ ? / ਸੁਖਜੀਤ ।

ਪਾਠਕ ਲੇਖਕ ਫੋਰਮ

ਮੁਲਾਜ਼ਮ ਜਥੇਬੰਦੀਆਂ ਅਤੇ ਮਾਰਕਸਵਾਦ / ਸਾਹਿਬ ਸਿੰਘ

ਨਕਸਲਬਾੜੀ ਕਾਮਰੇਡਾਂ ਦਾ ਸੋਵੀਅਤ ਵਿਰੋਧਵਾਦ / ਤਰਸੇਮ ਬਾਹੀਆ । ਸਮਾਜਕ ਸਾਮਰਾਜਵਾਦ ਅਤੇ ਭਾਰਤ ਰੂਸ ਆਰਥਿਕ ਸਬੰਧਾਂ ਬਾਰੇ / ਸੁੱਚਾ ਸਿੰਘ ਗਿੱਲ ।

ਇਕ ਰਿਪੋਰਟ / ਨੌਜਵਾਨ ਭਾਰਤ ਸਭਾ ਦਾ ਇਜਲਾਸ ।


## ਸੰਪਾਦਕੀ / ਟੁੱਟਦੇ ਭਰਮਾਂ ਦਾ ਸਾਲ

ਇਕ ਹੋਰ ਸਾਲ ਬੀਤ ਗਿਆ ਹੈ । ਬੀਤੇ ਬਾਰੇ ਜਾਇਜ਼ਾ ਲੈਣ ਦਾ ਹਰ ਇਕ ਸੂਝਵਾਨ ਦਾ ਫ਼ਰਜ਼ ਹੈ — ਬੀਤਿਆ ਵਰ੍ਹਾ ਭਾਰਤ ਵਿਚ ਆਪਣੇ ਵਿਸ਼ੇਸ਼ ਪੈੜ ਚਿੰਨ੍ਹ ਛਡ ਗਿਆ ਹੈ — ਇਹਦੇ ਧੁੰਦਲੇ ਦਰਪਣ ਤੋਂ ਵੀ ਹੇਠ ਲਿਖੇ ਸੱਚ ਉਭਰ ਕੇ ਦਿਸੇ ਹਨ :

1. ਦੇਸ਼ ਦਾ ਕਥਿਤ ਜਮਹੂਰੀ ਢਾਂਚਾ ਇਕ ਬੜਾ ਭਾਰੀ ਢੌਂਗ ਹੈ । ਜਮਹੂਰੀਅਤ ਦੇ ਨਾਂ ਥਲੇ ਜਿਹੜੇ ਲੋਕ ਰਾਜ ਕਰ ਰਹੇ ਹਨ ਜਾਂ ਜਿਹੜੇ ਰਾਜ ਕਰਨੇ ਦੇ ਸੁਪਨੇ ਲੈ ਰਹੇ ਹਨ ਉਹ ਪੂਰੀ ਤਰ੍ਹਾਂ ਭ੍ਰਿਸ਼ਟਾਚਾਰੀ ਅਤੇ ਚੋਰ ਹਨ । ਉਹ ਪਾਰਲੀਮੈਂਟ ਵਿਚ ਇਕ ਦੂਜੇ ਦੀ ਚੋਰੀ ਨੂੰ ਨੰਗਿਆਂ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਹਨ, ਜਿਹੜੇ ਕੁਝ ਇਮਾਨਦਾਰ ਬੰਦੇ ਉਥੇ ਫਸ ਜਾਂਦੇ ਹਨ, ਉਹਨਾਂ ਦੀ ਅਵਾਜ਼ ਨਿਗਾਰਖਾਨੇ ਵਿਚ ਤੂਤੀ ਦੀ ਤਰ੍ਹਾਂ ਹੈ, ਜਿਸ ਦੀ ਕੋਈ ਵੁਕਅਤ ਨਹੀਂ । ਜਦੋਂ ਲੋਕਾਂ ਵਿਚ ਇਹਨਾਂ ਚੋਰੀਆਂ, ਸਕੈਂਡਲਾਂ ਬਾਰੇ ਚਰਚਾ ਹੁੰਦਾ ਹੈ ਤਾਂ ਆਮ ਪ੍ਰਭਾਵ ਇਹ ਲਿਆ ਜਾਂਦਾ ਹੈ ਕਿ ਭਾਰਤ ਸਾਰਾ ਹੀ ਚੋਰ ਹੈ — ਇਹ ਪ੍ਰਭਾਵ ਆਪਣੇ ਆਪ ਵਿਚ ਚੋਰਾਂ ਦੀ ਇਕ ਭਾਰੀ ਜਿੱਤ ਹੈ । ਅਸਲੀਅਤ ਇਹ ਹੈ ਕਿ ਭਾਰਤ ਦੇ ਪੰਚਾਨਵੇਂ ਫ਼ੀ ਸਦੀ ਲੋਕ ਮਿਹਨਤੀ ਅਤੇ ਈਮਾਨਦਾਰ ਹਨ, ਜੋ ਆਪਣੇ ਹੱਥਾਂ ਦੀ ਸੁੱਚੀ ਕਮਾਈ ਖਾਣਾ ਚਾਹੁੰਦੇ ਹਨ । ਉਹਨਾਂ ਵਿਚੋਂ ਕੁਝ ਇਸ ਕਮਾਈ ਵਿਚ ਰੁਖੀ ਸੁਖੀ ਖਾ ਵੀ ਰਹੇ ਹਨ ਤੇ ਬਹੁਤੇ ਭੁਖ ਨਾਲ ਢਿੱਡ ਵਿਚ ਗੋਡੇ ਦੇ ਕੇ ਸੌਂ ਵੀ ਰਹੇ ਹਨ । ਲੋੜ ਹੈ ਕਿ ਇਹ 95 ਫ਼ੀ ਸਦੀ ਆਪਣੀ ਅਵਾਜ਼ ਉੱਚੀ ਕਰ ਸਕਣ ਤੇ ਇਹ ਉਹ ਤਾਂ ਹੀ ਕਰ ਸਕਣਗੇ, ਜੇਕਰ ਉਹ 'ਚੋਰਾਂ ਵਾਲੀ ਸਿਆਸਤ' ਭਾਵ ਚੋਣਾਂ ਰਾਹੀਂ ਚੰਗੀ ਸਰਕਾਰ ਬਣਾਉਣ ਦੀ ਸੰਭਾਵਨਾ ਦੇ ਭਰਮ ਨੂੰ ਆਪਣੇ ਦਿਲਾਂ ਵਿਚੋਂ ਕੱਢ ਦੇਣ — ਸਾਲ 1974 ਦੀ ਹਰ ਘਟਨਾ ਜਿਹੜੀ ਸੜਕ ਜਾਂ ਪਾਰਲੀਮੈਂਟ ਵਿਚ ਵਾਪਰੀ ਹੈ, ਇਹ ਭਰਮ ਦੂਰ ਕਰਨ ਵਿਚ ਸਹਾਈ ਸਾਬਤ ਹੋ ਸਕਦੀ ਹੈ ।

2. ਹਿੰਦ ਦੀ ਕਮਿਊਨਿਸਟ ਪਾਰਟੀ ਜਿਹੜੀ ਖੁਣੋ ਸੱਜੀ ਕਮਿਊਨਿਸਟ ਪਾਰਟੀ ਕਹਿਲਾਂਦੀ ਹੈ, ਉਹ ਇਸ ਢਾਂਚੇ ਵਿਚ ਬੁਨਿਆਦੀ ਤਬਦੀਲੀ ਲਿਆਉਣ ਦੇ ਆਪਣੇ ਇਨਕਲਾਬੀ ਟੀਚੇ ਨੂੰ ਪੂਰੀ ਤਰ੍ਹਾਂ ਤਿਆਗ ਚੁਕੀ ਹੈ — ਅਤੇ 'ਸੋਸ਼ਲ ਡੈਮੋਕਰੇਟਜ਼' ਦੀ ਪਾਰਟੀ ਵਿਚ ਉਹਨੇ ਆਪਣੇ ਆਪ ਨੂੰ ਬਦਲ ਲਿਆ ਹੈ — ਇਹਨਾਂ ਸੋਸ਼ਲ ਡੈਮੋਕਰੇਟ ਦਾ ਸਾਰਾ ਜ਼ੋਰ ਇਸ ਢਾਂਚੇ ਵਿਚ ਹੀ ਸੁਧਾਰ ਕਰਨ ਦਾ ਹੋ ਸਕਦਾ ਹੈ ਤੇ ਇਹਦੇ ਲਈ ਉਹ ਲੋਕਾਂ ਨੂੰ ਵਡੇ ਪੈਮਾਨੇ ਤੇ ਲਾਮਬੰਦ ਵੀ ਕਰਦੇ ਹਨ । ਆਪਣੇ ਅਸਰ ਥਲੇ ਅਵਾਮੀ ਜਥੇਬੰਦੀਆਂ ਨੂੰ ਵੀ ਹੁਣ ਉਹ ਇਹੀ ਕਰਨ ਲਈ ਵਿਉਂਤਬੰਦ ਹਨ — ਉਹ ਆਪਣੇ ਇਸ ਟੀਚੇ ਬਾਰੇ ਸਪੱਸ਼ਟ ਹਨ — ਜਿਹਨਾਂ ਲੋਕਾਂ ਨੂੰ ਉਹਨਾਂ ਦੇ ਇਨਕਲਾਬੀ ਹੋਣ ਦਾ ਭਰਮ ਸੀ, ਸਾਲ 1974


ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ. ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ ਅੰਮ੍ਰਿਤਸਰ ਤੋਂ ਛਪਵਾ ਕੇ, ਦਫਤਰ ਸਰਦਲ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ।
ਪ੍ਰਕਾਸ਼ਨ ਮਿਤੀ ਜ [illegible] 1975

ਨੇ ਉਹ ਭਰਮ ਪੂਰੀ ਤਰ੍ਹਾਂ ਤੋੜਿਆ ਹੈ — ਇਹ ਅਮਲ ਵੀ ਸਾਲ 1974 ਦੀ ਇਕ ਦੇਣ ਕਿਹਾ ਜਾ ਸਕਦਾ ਹੈ।

3. ਮੌਜੂਦਾ ਢਾਂਚੇ ਦੀ ਸਟੇਟ ਇਕ ਸ਼ਕਤੀਸ਼ਾਲੀ ਸਟੇਟ ਹੈ। ਜਿਹਦੇ ਕੋਲ ਲੋਕਾਂ ਤੇ ਜਬਰ ਕਰਨ ਦੇ ਪੂਰੇ ਸਾਧਨ ਹਨ। ਰਾਜ ਕਰਦੀ ਪਾਰਟੀ ਇਹਨਾਂ ਸਾਧਨਾਂ ਨੂੰ ਪੂਰੀ ਬੇਰਹਿਮੀ ਨਾਲ ਵਰਤਦੀ ਹੈ। ਮੁਲਾਜ਼ਮਾਂ ਦੀ ਹੜਤਾਲ ਵੇਲੇ, ਰੇਲਵੇ ਕਰਮਚਾਰੀਆਂ ਦੀ ਹੜਤਾਲ ਵੇਲੇ ਇਹ ਜਬਰ ਮਸ਼ੀਨਰੀ ਪੂਰੇ ਜ਼ੋਰਾਂ ਨਾਲ ਸਾਹਮਣੇ ਆਈ। ਇਹ ਭਰਮ ਕਿ ਕਾਨੂੰਨ (ਜਿਸਦਾ ਬਾਹਰਲਾ ਰੂਪ ਬੜਾ ਇਨਸਾਫ ਭਰਪੂਰ ਅਤੇ ਮਾਨਵਵਾਦੀ ਹੈ) ਲੋਕਾਂ ਦੇ ਹੱਕਾਂ ਦੀ ਰਖਵਾਲੀ ਵਾਸਤੇ ਵਰਤਿਆ ਜਾ ਸਕਦਾ ਹੈ, ਸਾਲ 1974 ਨੇ ਪੂਰੀ ਤਰ੍ਹਾਂ ਤੋੜਿਆ ਹੈ। ਇਹ ਕਾਨੂੰਨ ਹਕੂਮਤ ਕਰ ਰਹੀ ਪਾਰਟੀ ਜਾਂ ਜਮਾਤ ਲਈ ਇਕ ਜਬਰ ਦਾ ਸਾਧਨ ਹੈ, ਜਿਹੜਾ ਮੋਮ ਦੀ ਨੱਕ ਵਾਂਗ ਆਰਡੀਨੈਂਸ ਜਾਰੀ ਕਰਕੇ ਬਦਲਿਆ ਜਾ ਸਕਦਾ ਹੈ। ਬਹਾਨਾ ਕਈ ਵਾਰ ਇਹ ਕੀਤਾ ਜਾਂਦਾ ਹੈ ਕਿ ਇਹ ਆਰਡੀਨੈਂਸ ਚੋਰਾਂ, ਸਮਗਲਰਾਂ, ਬਲੈਕੀਆਂ ਨੂੰ ਫੜਨ ਵਾਸਤੇ ਵਰਤਿਆ ਜਾ ਰਿਹਾ ਹੈ। ਪਰ ਅਸਲੀਅਤ ਵਿਚ ਇਹ ਅਮਲ ਤਾਂ ਵੱਡੇ ਛੋਟੇ ਚੋਰਾਂ ਦਾ ਇਕ ਉਪਰਲਾ ਉਪਰਲਾ ਢੋਂਗ ਹੁੰਦਾ ਹੈ। ਅਖੀਰ ਇਹਨਾਂ ਆਰਡੀਨੈਂਸਾਂ ਨੇ ਵਾਰ ਉਹਨਾਂ ਇਨ-ਕਲਾਬੀਆਂ ਤੇ ਹੀ ਕਰਨਾ ਹੈ। ਜਿਹਨਾਂ ਨੇ ਇਸ ਢਾਂਚੇ ਦੀ ਬੁਨਿਆਦ ਨੂੰ ਚੁਣੌਤੀ ਦੇਣੀ ਹੈ। 'ਕਾਨੂੰਨ' ਦੀ ਪਵਿਤ੍ਰਤਾ ਦਾ ਭਰਮ, ਜਿਹੜਾ ਕਈ ਸਾਲਾਂ ਤੋਂ ਹੌਲੀ ਹੌਲੀ ਟੁੱਟ ਰਿਹਾ ਸੀ, ਸਾਲ 1974 ਵਿਚ ਲੋਕਾਂ ਵਿਚੋਂ ਪੂਰੀ ਤਰ੍ਹਾਂ ਟੁੱਟ ਗਿਆ ਹੈ, ਇਹ ਵੀ ਸਾਲ 1974 ਦੀ ਇਕ ਦੇਣ ਹੈ।

## ਅਸੀਂ ਕੀ ਕਰਨਾ ਹੈ ?

ਇਹਨਾਂ ਟੁੱਟਦੇ ਭਰਮਾਂ ਨਾਲ ਲੋਕਾਂ ਵਿਚ ਇਕ ਹੋਰ ਭਰਮ ਪੈਦਾ ਹੋ ਗਿਆ ਹੈ। ਜੋ ਬੇਵਸੀ ਦਾ ਭਰਮ ਹੈ ਕਿ ਇਹ ਸਭ ਕੁਝ ਇਸੇ ਤਰ੍ਹਾਂ ਹੀ ਚਲਦਾ ਰਹਿਣਾ ਹੈ। ਅਸੀਂ ਕੁਝ ਨਹੀਂ ਕਰ ਸਕਦੇ—ਇਹ ਭਰਮ ਜੈ ਪ੍ਰਕਾਸ਼ ਨਾਰਾਇਣ ਦੀ 'ਦਿਸ਼ਾਹੀਣ ਲਹਿਰ' ਨੇ ਵੀ ਪਾਇਆ ਹੈ। ਇਨਕਲਾਬੀਆਂ ਦਾ ਇਹ ਫਰਜ਼ ਹੈ ਕਿ ਲੋਕਾਂ ਵਿਚੋਂ ਇਸ 'ਬੇਵੱਸੀ' ਦਾ ਭਰਮ ਕੱਢਣ ਤੇ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਕਿ ਇਸ ਗਲੇ-ਸੜੇ ਸਮਾਜ ਦਾ ਸਪਸ਼ਟ ਬਦਲ ਹੈ। ਉਹ ਇਹ ਤਾਂ ਹੀ ਕਰ ਸਕਣਗੇ ਕਿ ਉਹ ਆਪਸ ਵਿਚ ਇਕ ਦੂਜੇ ਵਲ ਖੁਲ੍ਹੀ ਗੋਲਾ-ਬਾਰੀ ਨੂੰ ਬੰਦ ਕਰਨ—ਕੀ ਉਹ ਇਸ ਚੁਣੌਤੀ ਨੂੰ ਸਵੀਕਾਰ ਕਰਨਗੇ? ਸਰਦਲ 1975 ਵਿਚ ਆਪਣੇ ਆਪ ਨੂੰ ਇਸ ਮੰਤਵ ਲਈ ਵਚਨ-ਬੱਧ ਕਰਦਾ ਹੈ। —ਸੰਪਾਦਕ

**ਭੁੱਲ ਦੀ ਸੋਧ :** ਦਸੰਬਰ 1974 'ਇਹ ਹਮਾਰਾ ਜੀਵਣਾ' ਦਾ ਸਿਰਫ਼ ਪਹਿਲਾ ਭਾਗ ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਦਾ ਲਿਖਿਆ ਹੋਇਆ ਸੀ, ਬਾਕੀ ਭਾਗ ਗੁਰਸਰਨ ਸਿੰਘ ਦੀ ਕਲਮ ਤੋਂ ਸਨ। —ਸੰਪਾਦਕ


ਨਰਿੰਜਨ ਤਸਨੀਮ ਦਾ ਨਵਾਂ ਨਾਵਲ—

**ਇਕ ਹੋਰ ਨਵਾਂ ਸਾਲ**

ਇਹ ਨਾਵਲ ਇਕ ਰਿਕਸ਼ਾ ਵਾਲੇ ਦੀ ਜ਼ਿੰਦਗੀ ਦਾ ਇਕ ਦਿਨ, ਨਵੇਂ ਸਾਲ ਦਾ ਪਹਿਲਾ ਦਿਨ, ਪੇਸ਼ ਕਰਦਾ ਹੋਇਆ ਸਮੁਚੇ ਸਮਾਜ ਦੀ ਝਲਕ ਦਰਸਾ ਜਾਂਦਾ ਹੈ। ਇਸ ਵਿਚ ਕੋਈ ਪਰੰਪਰਾਗਤ ਕਹਾਣੀ ਨਹੀਂ, ਕੋਈ ਨਿਸ਼ਚਿਤ ਗੋਂਦ ਨਹੀਂ। ਰਿਕਸ਼ਾ ਵਾਲਾ ਕਿਸੇ ਸਵਾਰੀ ਨੂੰ ਬਿਠਾਂਦਾ ਹੈ, ਕੁਝ ਦੇਰ ਉਸ ਦੀਆਂ ਗੱਲਾਂ ਸੁਣਦਾ ਹੈ ਤੇ ਫਿਰ ਆਪਣੀਆਂ ਸੋਚਾਂ ਵਿਚ ਗੁਆਚ ਜਾਂਦਾ ਹੈ। ਉਸ ਦੀ ਚੇਤਨਾ ਦੇ ਪਰਵਾਹ ਰਾਹੀਂ ਹੀ ਨਾਵਲ ਉਸਰਦਾ ਚਲਿਆ ਜਾਂਦਾ ਹੈ। ਇਹੋ ਜਿਹਾ ਸਾਰਥਕ ਅਤੇ ਪ੍ਰਭਾਵ-ਸ਼ਾਲੀ ਤਜਰਬਾ ਪੰਜਾਬੀ ਨਾਵਲਕਾਰੀ ਵਿਚ ਪਹਿਲੀ ਵਾਰ ਹੋਇਆ ਹੈ।

ਲਾਇਬਰੇਰੀ ਐਡੀਸ਼ਨ : 6 ਰੁਪੈ ਪੇਪਰ ਬੈਕ : 3 ਰੁਪੈ

ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ, ਅੰਮ੍ਰਿਤਸਰ।


ਗਦਰੀ ਬਾਬਾ ਸੋਹਨ ਸਿੰਘ ਭਕਨਾ ਦੀ

**ਸਾਲਾਨਾ ਬਰਸੀ**

4 ਜਨਵਰੀ ਸ਼ਨੀਵਾਰ ਗਦਰੀ ਬਾਬਾ ਸੋਹਣ ਸਿੰਘ ਭਕਨਾ ਦੀ ਬਰਸੀ ਉਹਨਾਂ ਦੇ ਜਨਮ ਅਸਥਾਨ ਭਕਨਾ ਕਲਾਂ ਵਿਚ ਮਨਾਈ ਜਾ ਰਹੀ ਹੈ।

ਪ੍ਰੋਗਰਾਮ—12 ਵਜੇ ਤੋਂ ਲੈ ਕੇ 4 ਵਜੇ ਤਕ ਵਿਸ਼ਾਲ ਕਾਨਫਰੰਸ ਹੋਵੇਗੀ।

ਰਾਤ 7 ਵਜੇ ਤੋਂ 11 ਵਜੇ ਤਕ ਇਨਕਲਾਬੀ ਗੀਤਾਂ ਦਾ ਪ੍ਰੋਗਰਾਮ ਤੇ ਡਰਾਮੇ ਪੇਸ਼ ਕੀਤੇ ਜਾਣਗੇ।

ਪਹੁੰਚ ਰਹੇ ਕਵੀ—ਸੰਤ ਰਾਮ ਉਦਾਸੀ, ਜੈਮਲ ਪੱਡਾ, ਦਰਸ਼ਨ ਖਟਕੜ, ਜਸਵਿੰਦਰ ਸਿੰਘ, ਜਸਵੰਤ ਖਟਕੜ।

ਸਰਪ੍ਰਸਤ – ਗੁਜ਼ਰ ਸਿੰਘ ਭਕਨਾ, ਵਲੋਂ —ਜ਼ਿਲਾ ਐਗਜ਼ੈਕਟਿਵ ਕਮੇਟੀ ਨੌਜਵਾਨ ਭਾਰਤ ਸਭਾ (ਅੰਮ੍ਰਿਤਸਰ) ਮਜ਼ਦੂਰ ਕਿਸਾਨ ਯੂਨੀਅਨ ਐਡਹਾਕ ਕਮੇਟੀ, ਪੰਜਾਬ ਸਟੂਡੈਂਟ ਯੂਨੀਅਨ ਤਾਲਮੇਲ ਕਮੇਟੀ ਅੰਮ੍ਰਿਤਸਰ।

## ਕਵਿਤਾ ਤੇ ਕੰਧਾਂ / ਸੀ. ਮਾਰਕੰਡਾ

ਮੈਂ ਉਨ੍ਹਾਂ ਮਹਾਂ ਨਗਰਾਂ ਦੀ ਗੱਲ ਨਹੀਂ ਕਰਦਾ
ਜਿਨ੍ਹਾਂ ਦੀਆਂ ਵਿਸ਼ਾਲ ਸੜਕਾਂ 'ਤੇ
ਕੋਲ ਦੀ ਫੁਰਰ ਕਰਕੇ
ਲੰਘ ਜਾਂਦੀਆਂ ਹਨ
ਨਵੀਆਂ ਨਕੋਰ ਇੰਪਾਲਾ ਕਾਰਾਂ
ਤੇ ਫੁੱਟ-ਪਾਥ ਹਾਉਕਾ ਭਰ ਕੇ
ਹੋਰ ਸੁੰਗੜ ਜਾਂਦਾ ਹੈ
ਕੁਆਰੀ ਕੁੜੀ ਦੀ ਹਯਾ ਦੇ ਵਾਂਗ।

ਮੈਂ ਤਾਂ ਆਪਣੇ ਹੀ ਪਿੰਡ ਦੀ ਗੱਲ ਕਰਦਾ ਹਾਂ
ਜਿਸ ਦੇ ਬਾਹਰਲੇ ਵਿਹੜੇ ਵਸਦੇ ਹਨ
ਕਈ ਗੁੱਦੜ ਵਰਗੇ ਕੰਮੀ ਕਮੀਣ
ਜਿਨ੍ਹਾਂ ਦੇ ਕੋਲੋਂ ਬੇਅਸਰ ਮੁੜ ਆਉਂਦੀ ਹੈ
ਮੇਰੀ ਕਵਿਤਾ
ਉਸ ਕਿਸਾਨ ਦੇ ਵਾਂਗ
ਜੋ ਕਈ ਦਿਨਾਂ ਮਗਰੋਂ ਤੇਲ ਖੁਣੋਂ
ਸ਼ਹਿਰੋਂ ਨਿਰਾਸ਼ ਪਰਤ ਆਉਂਦਾ ਹੈ।
ਵਿਚਾਰਾ ਗੁੱਦੜ !
ਜਿਸ ਦੀ ਗਰੀਬੀ ਨਿੱਤ ਵੱਡੀ ਹੁੰਦੀ ਜਾਂਦੀ ਹੈ
ਮੇਰੀ ਹੀ ਕਵਿਤਾ ਦੇ ਵਾਂਗ
ਜਿਸ ਦੀ ਆਸ ਨਿੱਤ ਲੰਬੀ ਹੁੰਦੀ ਜਾਂਦੀ ਹੈ
ਆਪਣੀਆਂ ਹੀ ਕੁਆਰੀਆਂ ਧੀਆਂ ਦੇ ਵਾਂਗ
ਜਿਨ੍ਹਾਂ ਦੇ ਗਲ ਦੀ ਗਾਨੀ
ਨਿਆਈਂ ਦੀਆਂ ਚਰ੍ਹੀਆਂ 'ਚੋਂ
ਕਈ ਵਾਰ ਮੋਰ ਬਣ ਕੇ
ਲੰਬੜਾਂ ਦਿਆਂ ਮੁੰਡਿਆਂ ਲੱਭ ਕੇ ਲਿਆਂਦੀ ਹੈ।
ਮੈਂ ਤਾਂ ਉਸ ਵਿਚਾਰੇ ਦੀ ਗੱਲ ਕਰਦਾ ਹਾਂ
ਜਿਸ ਦੇ ਕੋਲੋਂ ਬੇਅਸਰ ਮੁੜ ਆਉਂਦੀ ਹੈ ਮੇਰੀ ਕਵਿਤਾ
ਜਾਂ ਉਸ ਵਰਗੇ ਕਿਸੇ ਹੋਰ ਜਣੇ ਦੀ
ਜਿਸ ਦਾ ਹੁਣ ਦਿਹਾੜੀ ਦੇ ਸੱਭ ਲੈ ਕੇ
ਪੂਰਾ ਨਹੀਂ ਫਟਦਾ
ਤੇ ਪਿੰਡ ਦੇ ਚੌਧਰੀਆਂ ਦੀਆਂ ਅੱਖਾਂ ਵਿਚ
ਹਾਲੀਂ ਵੀ ਉਸ ਦਾ ਚਿੱਤਰ ਪੁੱਠਾ ਲਟਕਦਾ ਹੈ
ਸੋਗ ਦਾ ਦਰਦ ਜ਼ਿਹਨ 'ਚ
ਕੰਡੇ ਵਾਂਗੂੰ ਰੜਕਦਾ ਹੈ
ਤੇ ਪਤਨੀ ਤੁਰ ਜਾਂਦੀ ਹੈ ਖੇਤਾਂ 'ਚੋਂ ਚੁਗਣ ਸਿਲ੍ਹਾ
ਪਰ ਗੁਆ ਆਉਂਦੀ ਹੈ ਆਪਣੀ ਅਸਮਤ
ਮਸ਼ਖਰੀਆਂ ਕਰਦੇ ਵੱਢਾਂ ਵਿਚਕਾਰ
ਮਗਰੀ ਦੀਆਂ ਬੱਲੀਆਂ
ਸਰ ਸਰ ਕਰਕੇ ਖਾਮੋਸ਼ ਹੋ ਜਾਂਦੀਆਂ ਹਨ
ਮੈਂ ਤਾਂ ਆਪਣੇ ਹੀ ਇਸ
ਕਰਮਾਂ ਮਾਰੇ ਪਿੰਡ ਦੀ ਗੱਲ ਕਰਦਾ ਹਾਂ
ਜਿਸ ਦੀਆਂ ਫਿਰਨੀਆਂ ਤੇ
ਧੂੜ ਵਾਂਗ ਉਡਦੀ ਹੈ ਮੇਰੀ ਕਵਿਤਾ।
ਕਵਿਤਾ
ਜੋ ਆਪਣੇ ਹੀ ਘਰ ਦੀਆਂ ਘਰੀਣੀਆਂ ਕੰਧਾਂ ਸੰਗ
ਟਕਰਾ ਕੇ ਨਿਰਾਸ਼ ਪਰਤ ਆਉਂਦੀ ਹੈ
ਜਿਵੇਂ ਇਕਰਾਰਾਂ ਵਾਲੀ ਰਾਤ
ਇੰਤਜ਼ਾਰ ਵਿਚ ਹੰਭ ਹਾਰ ਕੇ
ਮਹਿਬੂਬ ਨੂੰ ਬਿਨ ਮਿਲਿਆਂ ਹੀ ਪਰਤ ਆਈਦਾ ਹੈ
ਤੇ ਉਤਾਰ ਆਉਂਦੀ ਹੈ ਇਕ ਹੋਰ ਖਲੇਪੜ
ਰੇਹੀ ਖਾਧੀ ਦੀਵਾਰ ਤੇ
ਬਣ ਜਾਂਦਾ ਹੈ ਇਕ ਹੋਰ ਚਿੱਤਰ
ਜਿਸ ਵਿਚ ਰੱਤ ਜਾਂ ਰੰਗ ਦੀ ਹੀ ਕਮੀ ਹੁੰਦੀ ਹੈ
ਕੱਚੇ ਫਰਸ਼ ਤੇ ਕਿਰੀ ਮਿੱਟੀ
ਜਿਸ ਦਾ ਰੰਗ ਨਾ ਸ਼ੱਕਰ ਵਰਗਾ ਹੈ
ਤੇ ਨਾ ਬਾਰੂਦ ਵਰਗਾ ਹੈ
ਘਰ ਦੀ ਗੁਰਬਤ ਤੇ ਚਿੜਾਉਂਦੀ ਹੈ
ਤੇ ਕਵਿਤਾ ਸ਼ਰਮਾਉਂਦੀ ਹੈ
ਕਿੱਡਾ ਵੱਡਾ ਦੁਖਾਂਤ ਹੈ ਯਾਰੋ
ਕਿ ਆਪਣੇ ਹੀ ਘਰ ਦੀਆਂ ਦੀਵਾਰਾਂ ਨੂੰ
ਕਵਿਤਾ ਦੀ ਸਮਝ ਨਾ ਆਉਂਦੀ ਹੈ
ਤੇ ਉਂਜ ਹੀ ਅਰਥਾਂ ਦੇ ਅਨਰਥ ਹੋ ਜਾਂਦੇ ਹਨ
ਤੇ ਗੁਆਚ ਜਾਂਦੀ ਹੈ
ਮੇਰੇ ਹੀ ਪਿੰਡ ਦੀ ਕੁਲੱਛਣੀ ਫ਼ਿਜ਼ਾ 'ਚ ਮੇਰੀ ਕਵਿਤਾ
ਉਸ ਫ਼ਿਜ਼ਾ 'ਚ—
ਜਿਸ ਵਿਚ ਦੇਸੀ ਸ਼ਰਾਬ ਦੀ ਮਹਿਕ ਹੁੰਦੀ ਹੈ
ਜਰਦੇ ਤੇ ਸਿਗਰਟਾਂ ਦੀ ਗੰਦ ਹੁੰਦੀ ਹੈ
ਜਾਂ ਫਿਰ ਨਸ਼ੇ ਦੇ ਕੈਪਸੂਲਾਂ ਦਾ ਖੁਮਾਰ
ਤੇ ਮੁਸ਼ਟੰਡੇ ਬੋਲਾਂ ਦੀ ਚਹਿਕ ਹੁੰਦੀ ਹੈ।
ਬਾਬਾ ਵੇ ! ਕਲਾ ਮਰੋੜ
ਮੈਂ ਉਨ੍ਹਾਂ ਮਹਾਂ ਨਗਰਾਂ ਦੀ ਗੱਲ ਨਹੀਂ ਕਰਦਾ
ਜਿਥੇ 'ਹਮ ਤੁਮ ਇਕ ਕਮਰੇ ਮੇਂ ਬੰਦ ਹੋਂ' ਵਰਗੇ
ਖਿਲਰਦੇ ਨੇ ਬੋਲ
ਮੈਂ ਤਾਂ ਆਪਣੇ ਹੀ ਪਿੰਡ ਦੀ ਗੱਲ ਕਰਦਾ ਹਾਂ
ਜਿਥੋਂ ਬੇਅਸਰ ਮੁੜ ਆਉਂਦੀ ਹੈ ਮੇਰੀ ਕਵਿਤਾ।

**ਅਸੀਂ ਜੋ ਜਾਣਦੇ ਹਾਂ...** / ਮਨਮੋਹਨ ਸੰਧੂ

ਸਾਨੂੰ ਪਤਾ ਹੈ...
ਬੇਸ਼ੱਕ ਉਹ ਨਹੀਂ ਜਾਣਦੇ
ਕੌਣ ਚੱਟ ਗਿਆ
ਨੀਵੇਂ ਪੱਤੇ ਵਾਲੇ ਝੋਨੇ ਦੀ ਹਰਿਆਵਲ ।
ਕਿਉਂ ਨਚਦੇ ਹਨ ਚੂਹੇ
ਪੋਹ ਦੇ ਮਹੀਨੇ
ਦਾਣਿਆਂ ਵਾਲੇ ਭੜੋਲੇ ਵਿਚ ।
ਬਿਜਲੀ ਕਿਧਰ ਲੈ ਗਈ
ਨਹਿਰਾਂ ਦੇ ਪਾਣੀ ਵੀ
ਤੇ ਕਰ ਗਈ ਖੇਤਾਂ ਦੇ ਚੇਹਰੇ ਤੇ
ਝਿਰੜੀਆਂ ਹੋਰ ਗਾਹੜੀਆਂ ।
ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ
ਅਸੀਂ ਜਾਣਦੇ ਹਾਂ ਬੇਸ਼ੱਕ
ਕਿਵੇਂ ਪਚ ਜਾਂਦੀ ਹੈ
ਸੀਮਿੰਟ ਖੰਡ ਘਿਉ ਦੇ ਨਾਲ
ਜ਼ਹਿਰੀਲੀ ਖਾਦ ਵੀ
ਲਾਲਾ ਡੋਗਰੂ ਮੱਲ ਦੇ ਢਿਲਕਦੇ ਢਿੱਡ ਨੂੰ
ਕਿਉਂ ਕਰ ਗਿਆ—
ਜੀਤੇ ਦਾ ਐਮ. ਏ. ਪੁੱਤ
ਬੇਰੁਜ਼ਗਾਰੀ ਦੇ ਛੇਵੇਂ-ਵਰ੍ਹੇ
ਆਤਮ ਹੱਤਿਆ ।
ਉਹਦੀ ਸੋਚ ਤੋਂ ਤਾਂ ਇਹ ਵੀ ਬਾਹਰ ਹੈ
ਉਹਦੀ ਜਵਾਨ ਧੀ
ਕਿਉਂ ਕਰੀ ਜਾਂਦੀ ਹੈ ?
ਉਹਦੇ ਨੱਕ ਦੀ ਸਿਆਹੀ ਹੋਰ ਸਿਆਹ :
ਕਿਵੇਂ ਹਰ ਸਾਵਨ 'ਚ
ਕੰਧਾਂ ਤੇ ਪਈਆਂ ਘਰਾਲਾਂ ਤੋਂ ਤਿਲਕ
ਪ੍ਰਧਾਨ ਮੰਤਰੀ ਦੀ ਤਸਵੀਰ ਹੇਠਾਂ
ਪਾਣੀ ਦੇ ਛੱਪੜ 'ਚ
ਨੱਕ ਡੋਬ ਕੇ ਮਰਦਾ ਹੈ
ਹਰਿਆ—ਇਨਕਲਾਬ ।
ਉਹ ਤਾਂ ਬੱਸ ਇੰਜ ਹੀ ਸਮਝਦੇ ਹਨ
ਇੰਜ ਹੀ ਲਿਖਿਆ ਗਿਆ ਹੈ
ਉਨ੍ਹਾਂ ਦੀ ਕਿਸਮਤ ਦਾ ਸੰਵਿਧਾਨ !
ਤੇ ਅਸੀਂ ਜੋ ਜਾਣਦੇ ਹਾਂ
ਕੀ ਸਾਡਾ ਏਹੀ ਫਰਜ਼ ਸੀ
ਕਾਲਿਜ ਦੀ ਸਟੇਜ ਉਤੇ
(ਤੇ ਸਿਰਫ਼ ਸਟੇਜ ਉਤੇ ਹੀ)
ਤਲਵਾਰ ਕੱਢ ਸਿਰ ਤਲੀ ਤੇ ਰਖ ਲਈਏ ।
ਫਿਰ ਸਿਧਾਂਤਕ ਸਵਾਲਾਂ ਦੇ
ਊਲ ਜਲੂਲ ਮਸਲਿਆਂ 'ਚ
ਪਾਈਏ ਦੰਦਲਾਂ...
ਲੋਕਾਂ ਦੀ ਪਰੇਸ਼ਾਨ ਸੋਚ ਨੂੰ ।
ਅਸੀਂ ਜੋ ਜਾਣਦੇ ਹਾਂ
ਤਾਂ ਫਿਰ ਉਹ ਕਿਉਂ ਨਹੀਂ ਜਾਣਦੇ ?
ਇਹ ਸਭ ਗਲਤ ਮਲਤ ਕਿਉਂ ਹੈ ?
ਅਸੀਂ ਮਰਨ ਲਈ ਹੀ ਲੜਨਾ ਹੈ
ਜਾਂ ਲੜਨ ਲਈ ਜੀਣਾ ਹੈ ?

———

**ਗੀਤ** / ਊਧਮ ਸਿੰਘ ਸ਼ਾਹੀ

ਤਾਰਿਓ ਵੇ ਤਾਰਿਓ
ਲਾਟਾਂ ਹੋਰ ਬਾਲਿਓ ਵੇ ਸਾਰਿਓ
ਨ੍ਹੇਰਿਆਂ ਨੇ ਕੈਦ ਕੀਤੀ
ਸਾਡੇ ਪਿੰਡ ਦੀ ਲੋਅ ।
ਚਿਰ ਹੋਇਆ ਸਾਡਾ ਪਿੰਡ
ਕਾਲਖਾਂ ਦਾ ਦਾਸ ਹੈ
ਇਥੇ ਉੱਲੂ ਚਮਗਿਦੜਾਂ ਤੇ
ਚੁਗਲਾਂ ਦਾ ਵਾਸ ਹੈ
ਸ਼ਿਕਰੇ ਇਹ ਟੁੱਟ ਪੈਣੇ
ਘੁੱਗੀਆਂ ਦੀਆਂ ਰੱਤ ਪੀਂਦੇ ਖੋਹ ।
ਜਗਾਇਆ ਇਸ ਪਿੰਡ ਨੂੰ ਜੇ
ਸੁਨਹਿਰੀ ਕਿਸੇ ਰਾਗ ਨੇ
ਗੁੰਮ ਕੀਤਾ ਸੂਰਜਾਂ ਉਹ
ਝੱਟ ਰੰਡੀ ਰਾਤ ਨੇ
ਪੱਲਾ ਮਾਰ ਕੇ ਬੁਝਾਉਂਦੀ
ਨਿੱਕੇ ਦੀਵਿਆਂ ਦੀ ਰੋਹ ।
ਤਸਕਰੀ ਵਪਾਰੀ ਪਾਇਆ
ਪਿੰਡ 'ਚ ਹਨੇਰ ਹੈ
ਹੁੰਦੀ ਹੈ ਮੁਨਾਦੀ ਰੋਜ਼
ਨਾ ਹੁੰਦੀ ਪਰ ਸਵੇਰ ਹੈ
ਭੌਂਕਦੇ ਨੇ ਵਫਾਦਾਰ ਬੜਾ
ਬੜਾ ਦੂਰੋਂ ਹੀ ਖਲੋਅ ।
ਧਰੇਕਾਂ ਹੇਠ ਬੈਠ ਧੀਆਂ
ਰੋਣ ਰੁੱਤਾਂ ਕਰਦੀਆਂ

ਢੱਕ ਢੱਕ ਜੋਬਨਾਂ ਨੂੰ
ਲੀਰਾਂ ਵਿਚ ਅੱਕਗੀਆਂ
ਗੀਤਾਂ ਵਿਚ ਬਾਬਲੇ ਤੋਂ
ਮੰਗਦੀਆਂ ਸਾਲੂ ਦਾ ਲਕੋਅ ।

ਤਾਰਿਓ ਵੇ ਤਾਰਿਓ
ਲਾਟਾਂ ਹੋਰ ਬਾਲਿਓ ਵੇ ਸਾਰਿਓ
ਨ੍ਹੇਰਿਆਂ ਨੇ ਕੈਦ ਕੀਤੀ
ਸਾਡੇ ਪਿੰਡ ਦੀ ਲੋਅ ।

---

ਕਹਾਣੀ / **ਤੁਸੀਂ ਸ਼ਰਮ ਕਦੋਂ ਕਰੋਗੇ...?** / ਸੁਖਜੀਤ

ਉਸ ਅਜੀਬ ਜਿਹੇ ਆਦਮੀ ਨੂੰ ਜਦ ਮੈਂ ਪਹਿਲੀ ਵਾਰ ਦੇਖਿਆ ਸੀ—ਸੋਚਿਆ ਵੀ ਨਹੀਂ ਸੀ ਕਿ ਉਹ ਆਦਮੀ ਇਕ ਦਿਨ ਮੇਰਾ ਸਭ ਤੋਂ ਪਿਆਰਾ ਅਤੇ ਮਹਾਨ ਪਾਤਰ ਬਣੇਗਾ । ਉਸ ਦਾ ਗੋਰਾ ਚਿੱਟਾ ਰੰਗ ਉਸ ਦੇ ਸਰੀਰ 'ਤੇ ਜੰਮੀ ਮੈਲ ਨੇ ਢੱਕ ਲਿਆ ਸੀ ਮਾਨੋ ਉਹ ਕਈ ਮਹੀਨਿਆਂ ਜਾਂ ਸ਼ਾਇਦ ਕਈ ਸਾਲਾਂ ਤੋਂ ਨਹਾਇਆ ਸੀ । ਲੰਬੀ ਖਿਲਰੀ ਦਾੜ੍ਹੀ, ਸਿਰ ਤੇ ਪੈਰ ਨੰਗੇ ਅਤੇ ਬੜੇ ਫਟੇ ਪੁਰਾਣੇ ਕਪੜਿਆਂ ਵਾਲਾ ਉਹ ੩੫ ਕੁ ਸਾਲ ਦਾ ਆਦਮੀ, ਮੈਨੂੰ ਪਹਿਲੀ ਵਾਰ ਕੰਪਨੀ ਬਾਗ ਵਿਚ ਮਿਲਿਆ ਸੀ ।

ਉਸ ਦਿਨ ਕੋਈ ਛੁੱਟੀ ਦਾ ਦਿਨ ਸੀ ਤੇ ਮੈਂ ਆਪਣੀ ਪਤਨੀ ਅਤੇ ਬੱਚਿਆਂ ਸਮੇਤ ਕੰਪਨੀ ਬਾਗ ਵਿਚ ਘੁੰਮਣ ਫਿਰਨ ਚਲਾ ਗਿਆ ਸਾਂ । ਜਦ ਅਸੀਂ ਬੈਡਮਿੰਟਨ ਕਲੱਬ ਕੋਲ ਦੀ ਲੰਘੇ ਤਾਂ ਅਸੀਂ ਕਿਸੇ ਦੇ ਰੋਣ ਦੀ ਆਵਾਜ਼ ਸੁਣੀ । ਰੋਣ ਕਿਸੇ ਬੱਚੇ ਦਾ ਨਹੀਂ ਸੀ—ਸੁਭਾਵਕ ਸੀ ਕਿ ਸਾਡੀ ਨਜ਼ਰ ਆਪਣੇ ਚੁਫੇਰੇ ਘੁੰਮਦੀ । ਮੇਰੀ ਪਤਨੀ ਵੀ ਜੁ ਉਸ ਵਕਤ ਸ਼ਕਾਇਤ ਕਰ ਰਹੀ ਸੀ ਕਿ ਇਸ ਮਹੀਨੇ ਫੇਰ ਉਸ ਨੂੰ ਸਾੜ੍ਹੀ ਖਰੀਦ ਕੇ ਨਹੀਂ ਦਿਤੀ, ਚੁੱਪ ਕਰ ਗਈ ।

ਉਸ ਸਾਹਮਣੇ ਹੀ ਅੰਬ ਦੇ ਦਰਖਤ ਹੇਠ ਬਣੇ ਬੈਂਚ 'ਤੇ ਇਕੱਲਾ ਬੈਠਾ ਰੋ ਰਿਹਾ ਸੀ । ਪਤਾ ਨਹੀਂ ਕਿਉਂ ਉਹ ਚਿਹਰੇ ਤੋਂ ਮੈਨੂੰ ਪਾਗਲ ਜਾਂ ਕੋਈ ਭਿਖਾਰੀ ਨਾ ਜਾਪਿਆ । ਮੈਂ ਆਪਣੀ ਪਤਨੀ ਨੂੰ ਕੁਝ ਕਹੇ ਤੇ ਦੇਖੇ ਬਿਨਾਂ—ਉਸ ਵਲ ਤੁਰ ਪਿਆ । ਮੈਨੂੰ ਆਪਣੇ ਕੋਲ ਖੜਾ ਦੇਖ ਕੇ 'ਕੀ ਗੱਲ ਬਈ ਰੋਨੈਂ ਕਿਉਂ ਐਂ ?' ਮੈਂ ਸੁਭਾਵਕ ਹੀ ਸਵਾਲ ਕੀਤਾ ।

ਉਸ ਨੇ ਫੇਰ ਉਪਰ ਨੂੰ ਸਿਰ ਚੁੱਕ ਕੇ ਮੇਰੇ ਵਲ ਦੇਖਿਆ ਤੇ ਫੇਰ ਪਹਿਲਾਂ ਵਾਂਗ ਬਿਨਾਂ ਕੁਝ ਬੋਲੇ ਸਿਰ ਝੁਕਾ ਲਿਆ ।

ਉਸ ਦੇ ਮੇਰੇ ਵਲ ਇਸ ਤਰ੍ਹਾਂ ਦੇਖ ਕੇ ਫੇਰ ਸਿਰ ਝੁਕਾਉਣ ਦਾ ਮਤਲਬ ਸੀ ਕਿ ਉਹ ਜੋ ਕੁਝ ਕਹਿਣਾ ਚਾਹੁੰਦਾ ਸੀ—ਕਹਿ ਨਹੀਂ ਸਕਿਆ ।

'ਹਾਂ । ਹਾਂ...ਦੱਸ ।' ਮੈਂ ਫੇਰ ਪੁਛਿਆ ।

ਉਹ ਮੇਰੇ ਪਿੱਛੇ ਖੜੀ ਮੇਰੀ ਪਤਨੀ ਵਲ ਦੇਖ ਕੇ ਖੜਾ ਹੋ ਗਿਆ ਤੇ ਮੈਨੂੰ ਹੱਥ ਦਾ ਇਸ਼ਾਰਾ ਕਰਕੇ—ਆਪ ਅੱਗੇ ਅੱਗੇ ਤੁਰ ਪਿਆ । ਥੋੜ੍ਹੀ ਦੂਰ ਜਾ ਕੇ ਉਹ ਰੁਕਿਆ ਤੇ ਮੇਰੇ ਬਿਲਕੁਲ ਕੋਲ ਆ ਕੇ ਬੁੜਬੁੜਾਇਆ—'ਮੈਂ ਮਰ ਜਾਵਾਂਗਾ ।'

'ਹੈਂ ਮਰ ਜਾਵੇਂਗਾ ?' ਮੈਂ ਹੈਰਾਨ ਸੀ ।

ਹਾਂ ਠੀਕ ਅਜ ਤੋਂ ਦਸਵੇਂ ਦਿਨ ।

ਬੜਾ ਅਜੀਬ ਜਿਹਾ ਆਦਮੀ ਹੈ—ਮੈਂ ਮਨ ਹੀ ਮਨ ਸੋਚਿਆ ।

'ਪਰ ਮਰ ਕਿਉਂ ਜਾਵੇਂਗਾ ?' ਮੈਥੋਂ ਜਿਵੇਂ ਰਹਿ ਨਾ ਹੋਇਆ ।

ਮੇਰੇ ਕੋਲੋਂ ਭੁੱਖ ਨਾਲ ਤੜਫਦੇ ਲੋਕ ਨਹੀਂ ਦੇਖੇ ਜਾਂਦੇ—ਉਸ ਨੇ ਤੇਜ਼ੀ ਨਾਲ ਕਿਹਾ ਤੇ ਫੇਰ ਡੁਸਕਣ ਲਗ ਪਿਆ ।

o o o

'ਤੂੰ ਅੱਜ ਫੇਰ ਰੋਈ ਜਾਨੈਂ ?' ਸੁਣ ਕੇ ਉਸ ਨੇ ਮੇਰੇ ਵਲ ਦੇਖ ਕੇ ਕਿਹਾ—ਕੀਹਨੂੰ ਦੇਖ ਕੇ ਹੱਸਾਂ ?

'ਕਿਉਂ ਤੇਰਾ ਕੋਈ ਨਹੀਂ ?' ਮੈਂ ਸ਼ਾਇਦ ਉਸ ਦੀ ਗੱਲ ਦਾ ਅਸਲੀ ਮਤਲਬ ਨਹੀਂ ਸਮਝ ਸਕਿਆ ਸੀ ।

ਸਾਰੇ ਲੋਕ ਈ ਮੇਰੇ ਆਪਣੇ ਨੇ ਪਰ......। ਬੋਲਦਾ ਬੋਲਦਾ ਅਚਾਨਕ ਉਹ ਚੁੱਪ ਕਰ ਗਿਆ ਤੇ ਖਲਾਅ ਨੂੰ ਘੂਰਨ ਲੱਗਾ ।

'ਪਰ ਕੀ ?' ਮੇਰੀ ਅੱਗੇ ਸੁਣਨ ਦੀ ਉਤਸੁਕਤਾ ਵਧ ਗਈ ਸੀ ।

ਸੁਣ ਕੇ ਉਹ ਮੇਰੇ ਵਲ ਝਾਕਿਆ ਤੇ ਫੇਰ ਬੋਲਿਆ—

ਪਰ ਜੋ ਲੋਕ ਕੁੱਤਿਆਂ ਵਰਗੇ ਆ ਉਹ ਮੇਰੇ ਦੁਸ਼ਮਨ ਹੀ ਰਹਿਣਗੇ ਪਰ ਮੈਂ ਉਨ੍ਹਾਂ ਨੂੰ ਕੁਝ ਨਹੀਂ ਆਖਾਂਗਾ ਤੇ ਬੱਸ ਮਰ ਜਾਵਾਂਗਾ । ਕੁਝ ਚਿਰ ਚੁੱਪ ਰਹਿਣ ਮਗਰੋਂ ਉਹ ਫੇਰ ਬੋਲਣ ਲੱਗਾ ਤੇ ਉਹ ਮੇਰੀ ਮੌਤ ਤੋਂ ਬਾਅਦ ਵੀ ਹੁਣ ਵਾਂਗ ਉਵੇਂ ਹੀ ਭੌਂਕਦੇ ਰਹਿਣਗੇ । ਮੈਂ ਦੋ ਨੌਜੁਆਨਾਂ ਦੀਆਂ ਲਾਸ਼ਾਂ ਦੇਖ ਕੇ ਆਇਆ ਹਾਂ । ਪੁਲਿਸ ਦੁਆਰਾ ਛਲਣੀ ਕੀਤੇ ਸਿਰਫ਼ ਹੱਡੀਆਂ ਦੇ ਢਾਂਚੇ ਤੇ ਉਦੋਂ ਕੁੱਤੇ

ਵੀ ਚੁੱਪ ਸਨ ।

'ਪਰ ਤੂੰ ਕਿਉਂ ਮਰਨੈਂ ?' ਮੈਨੂੰ ਜਿਵੇਂ ਉਸ ਦਾ ਫ਼ਿਕਰ ਸੀ।

ਉਸ ਦਾ ਸਾਰਾ ਸਰੀਰ ਕੰਬਣ ਲੱਗਾ ਤੇ ਉਸ ਨੇ ਗੁੱਸੇ ਨਾਲ ਮੇਰੇ ਵਲ ਦੇਖਿਆ। ਕਿਉਂਕਿ ਮੈਂ ਹੁਣ ਹੋਰ ਲਹੂ ਨਾਲ ਲੱਥ-ਪੱਥ ਜੁਆਨ ਲਾਸ਼ਾਂ ਨਹੀਂ ਦੇਖ ਸਕਦਾ। ਉਸ ਨੇ ਇਹ ਗੱਲ ਐਨੀ ਉੱਚੀ ਆਖੀ ਕਿ ਆਸੇ ਪਾਸੇ ਜਾ ਰਹੇ ਕੁਝ ਆਦਮੀ ਖੜ੍ਹ ਕੇ ਸਾਡੇ ਵੱਲ ਝਾਕਣ ਲਗੇ। ਤੇ ਇਕ ਨੇ ਮੇਰੇ ਨਜ਼ਦੀਕ ਆ ਕੇ ਹੌਲੀ ਜਿਹੇ ਆਖਿਆ, 'ਸਰਦਾਰ ਜੀ—ਪਾਗਲ ਐ, ਪਤੈ ਨਹੀਂ ਕਦੋਂ ਇੱਟ ਪੱਥਰ ਮਾਰੇ।' ਮੈਂ ਉਸ ਵਲ ਗਹੁ ਨਾਲ ਵੇਖਿਆ, ਮੈਨੂੰ ਜਾਪਿਆ ਜਿਵੇਂ ਉਸ ਨੂੰ ਪਾਗਲ ਕਹਿਣ ਵਾਲਾ ਉਹ ਆਦਮੀ ਖ਼ੁਦ ਪਾਗਲ ਹੋਵੇ। ਮੈਂ ਉਥੇ ਹੀ ਖੜਾ ਰਿਹਾ। ਤੇ ਸੋਚਣ ਲਗਾ ਕਿ ਉਹ ਕਿਸ ਤਰ੍ਹਾਂ ਦਾ ਆਦਮੀ ਹੈ।

ਮੈਂ ਉਸ ਨੂੰ ਜੋ ਉਥੇ ਹੀ ਖੜਾ ਸੀ, ਸਿਰ ਤੋਂ ਪੈਰਾਂ ਤੱਕ ਗਹੁ ਨਾਲ ਪਛਾਨਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ।

'ਪਰ ਤੇਰੇ ਮਰਨ ਨਾਲ ਕੀ ਹੋਏਗਾ ?' ਮੈਂ ਪੁਛਿਆ।

ਜੇ ਮੈਂ ਜੀਉਂਦਾ ਰਿਹਾ ਫੇਰ ਕੀ ਹੋਵੇਗਾ ? ਉਸਦਾ ਜੁਆਬ ਸੀ।

o o o

ਇਨ੍ਹਾਂ ਦੋ ਮੁਲਾਕਾਤਾਂ 'ਚ ਹੀ ਉਸ ਨਾਲ ਮੇਰੀ ਦਿਲਚਸਪੀ ਐਨੀ ਵਧ ਗਈ ਕਿ ਮੈਂ ਦਫਤਰੋਂ ਛੁੱਟੀ ਕਰਕੇ ਉਸ ਕੋਲ ਆਉਂਦਾ—ਪਰ ਮੈਨੂੰ ਇਨ੍ਹਾਂ ਦੋ ਮੁਲਾਕਾਤਾਂ ਤੋਂ ਬਾਦ—ਉਹ ਤਿੰਨ ਚਾਰ ਦਿਨ ਕਿਧਰੇ ਵੀ ਨਾ ਮਿਲਿਆ। ਦਫਤਰ ਬੈਠੇ ਸਮੇਂ, ਰੋਟੀ ਖਾਂਦੇ ਸਮੇਂ, ਨਹਾਉਂਦੇ ਸਮੇਂ, ਮੰਜੇ ਤੇ ਲੇਟਣ ਵੇਲੇ, ਬੱਸ ਉਸੇ ਦਾ ਚਿਹਰਾ ਮੇਰੇ ਸਾਹਮਣੇ ਆਉਂਦਾ ਰਹਿੰਦਾ।

ਖ਼ਬਰੇ ਉਹ ਕੀ ਸੀ ? ਮੇਰਾ ਦਿਮਾਗ ਇਸ ਦਾ ਕੋਈ ਵੀ ਸਪਸ਼ਟ ਨਿਰਾਚਾ ਨਹੀਂ ਕਰ ਸਕਿਆ ਸੀ।

o o o

ਰੋਜ਼ ਵਾਂਗ, ਉਸ ਦਿਨ ਵੀ ਦਫਤਰੋਂ ਛੁੱਟੀ ਕਰਕੇ— ਮੈਂ ਉਸ ਨੂੰ ਆਸੇ ਪਾਸੇ ਦੇਖਦਾ ਹੋਇਆ ਕੰਪਨੀ ਬਾਗ ਵਿਚ ਦੀ ਆ ਰਿਹਾ ਸਾਂ। ਅਚਾਨਕ ਮੇਰੀ ਨਜ਼ਰ ਉਸ 'ਤੇ ਪਈ। ਢੇਰ ਸਾਰੀ ਖ਼ੁਸ਼ੀ ਹੋਈ।

ਉਹ ਆਪਣੇ ਕੋਲ ਖੜੇ ਇਕ ਬਾਬੂ ਨੂੰ ਹੱਥ ਦਾ ਇਸ਼ਾਰਾ ਕਰਕੇ ਕੁਝ ਆਖ ਰਿਹਾ ਸੀ—ਮੈਂ ਉਸ ਤੋਂ ਥੋੜ੍ਹੀ ਦੂਰੀ 'ਤੇ ਇਕ ਪਾਸੇ ਹੋ ਕੇ ਖੜ ਗਿਆ। ਮੇਰੀ ਹੈਰਾਨੀ ਹੋਰ ਵੀ ਵਧ ਗਈ। ਉਹ ਬੜੀ ਹੀ ਸ਼ੁਧ ਹਿੰਦੀ ਵਿਚ ਉਸ ਬੰਦੇ ਨਾਲ ਗੱਲਾਂ ਕਰ ਰਿਹਾ ਸੀ। ਅਚਾਨਕ ਉਸ ਦੀ ਆਵਾਜ਼ ਆਈ—

'ਤੁਮ ਭੀ ਕੁੱਤੇ ਹੋ।'

ਕਿਆ ਕਹਾ—ਕੁੱਤਾ ਮੈਂ। ਉਸਦੇ ਕੋਲ ਖੜੇ ਆਦਮੀ ਨੇ ਸੱਜੇ ਹੱਥ ਦੀ ਉਂਗਲ ਆਪਣੀ ਛਾਤੀ ਤੇ ਲਾ ਕੇ ਗੁੱਸੇ ਨਾਲ ਪੁਛਿਆ।

'ਤੂ ਹੀ ਕਿਆ ਯੇਹ ਸਭ ਕੁੱਤੇ ਬਿੱਲੇ ਹੀ ਤੋ ਹੈਂ।' ਉਸ ਨੇ ਆਪਣੇ ਚੁਫੇਰੇ ਜਾ ਰਹੇ ਲੋਕਾਂ ਵਲ ਇਸ਼ਾਰਾ ਕਰਕੇ ਆਖਿਆ।

ਚਲ ਸਾਲਾ ਪਾਗਲ—ਉਸ ਆਦਮੀ ਨੇ ਗੁਸੇ ਨਾਲ ਕਿਹਾ—ਕਿਆ ਯਹੀ ਬਕਵਾਸ ਕਰਨੇ ਕੇ ਲੀਏ ਮੁਝੇ ਰੋਕਾ ਥਾ। ਤੇ ਫੇਰ ਉਹ ਤੇਜ਼ ਤੇਜ਼ ਕਦਮ ਪੁਟਦਾ ਪਰ੍ਹੇ ਨੂੰ ਤੁਰ ਪਿਆ।

ਉਹ ਚੁਪ ਚਾਪ ਖੜਾ ਉਸ ਨੂੰ ਜਾਂਦੇ ਹੋਏ ਦੇਖਦਾ ਰਿਹਾ ਤੇ ਫੇਰ ਥੱਲੇ ਘਾਹ 'ਤੇ ਬੈਠ ਕੇ ਰੋਣ ਲਗ ਪਿਆ। ਉਸਨੂੰ ਰੋਂਦਿਆਂ ਦੇਖ ਮੈਂ ਉਸ ਵਲ ਹੋ ਤੁਰਿਆ। ਮੇਰਾ ਵੀ ਜੀਅ ਕੀਤਾ ਕਿ ਮੈਂ ਵੀ ਉਸ ਦੇ ਨਾਲ ਰੋਵਾਂ, ਰੋਈ ਜਾਵਾਂ...।

'ਮੈਨੂੰ ਤੇਰਾ ਰੋਣਾ ਚੰਗਾ ਨਹੀਂ ਲਗਦਾ।' ਮੈਂ ਭਰੇ ਦਿਲ ਨਾਲ ਕਿਹਾ।

ਕਿਉਂ ਨਹੀਂ ਚੰਗਾ ਲਗਦਾ। ਉਸਨੇ ਬਿਨਾਂ ਮੇਰੇ ਵਲ ਦੇਖੇ ਜੁਆਬ ਦਿਤਾ। ਪੰਜਾਬੀ ਵਿਚ।

'ਬੱਸ ਤੈਨੂੰ ਆਖਤਾ।' ਮੈਂ ਜਜ਼ਬਾਤੀ ਹੋ ਕੇ ਆਖਿਆ।

ਉਸਨੇ ਆਪਣਾ ਗੋਡਿਆਂ 'ਤੇ ਰਖਿਆ ਸਿਰ ਚੁੱਕ ਕੇ ਮੇਰੇ ਵਲ ਨਜ਼ਰ ਮਾਰੀ ਤੇ ਕਿਹਾ—ਚੰਗਾ ਹੁਣ ਨੀ ਰੋਂਦਾ ਨਾਲੇ ਕੱਲ੍ਹ ਨੂੰ ਤਾਂ ਮਰ ਈ ਜਾਣੈ—

ਉਸ ਦੇ ਮੂੰਹੋਂ ਇਹ ਗੱਲ ਸੁਣ ਕੇ ਮੈਨੂੰ ਉਸ ਦੇ ਦਿਮਾਗ 'ਚ ਕੁਝ ਫਰਕ ਹੋਣ ਦਾ ਭੁਲੇਖਾ ਜਿਹਾ ਪੈ ਜਾਂਦਾ ਹੈ। ਮੈਂ ਸੋਚਦਾ ਹਾਂ ਮਰਨ ਵਾਲਾ ਕਿਤੇ ਇਹ ਵੀ ਦਸਿਆ ਕਰਦੈ ਕਿ ਉਹ ਐਨੇ ਦਿਨਾਂ ਨੂੰ ਮਰੇਗਾ।

ਪਰ ਮੈਂ ਫਿਰ ਵੀ ਉਸ ਨੂੰ ਅਜਿਹਾ ਨਾ ਕਰਨ ਬਾਰੇ ਸਮਝਾਉਂਦਾ ਰਿਹਾ। ਉਹ ਬਿਨਾਂ ਕੁਝ ਬੋਲੇ ਬਿਲਕੁਲ ਚੁਪ ਚਾਪ ਬੈਠਾ ਸੁਣਦਾ ਰਿਹਾ। ਮੇਰੇ ਚੁਪ ਕਰਦਿਆਂ ਹੀ ਉਸ ਨੇ ਮੈਨੂੰ ਸ਼ੱਕ ਭਰੀਆਂ ਨਿਗਾਹਾਂ ਨਾਲ ਦੇਖਿਆ ਤੇ ਬੋਲਿਆ—

ਕਿਤੇ ਤੂੰ ਵੀ 'ਉਨ੍ਹਾਂ' ਵਿਚੋਂ ਤਾਂ ਨਹੀਂ ?

'ਉਨ੍ਹਾਂ' ਸ਼ਬਦ ਦਾ ਮਤਲਬ ਕੀ ਸੀ—ਮੈਂ ਸਮਝ

ਗਿਆ ਸਾਂ ਪਰ ਮੈਂ ਚੁੱਪ ਰਿਹਾ।

ਮੈਨੂੰ ਚੁੱਪ ਖੜੇ ਦੇਖ ਕੇ ਉਹ ਬੋਲਿਆ—

ਜੇ ਨਹੀਂ —ਤਾਂ ਜੋ ਏਥੇ ਹੋ ਰਿਹੈ ਉਸ ਨੂੰ ਦੇਖ ਕੇ ਤੇਰਾ ਦਿਲ ਦੁਖੀ ਨਹੀਂ ਹੁੰਦਾ ?

'ਤੇਰੇ ਮਰਨ ਨਾਲ ਸਾਰੇ ਲੋਕ ਰੱਜਣ ਲੱਗ ਪੈਣਗੇ ਜਾਂ ਗੋਲੀਆਂ ਨਾਲ ਨਹੀਂ ਮਰਨਗੇ—ਦਸ ਤਾਂ ਸਹੀ ?

ਮੈਂ ਜਿਵੇਂ ਉਸ ਨੂੰ ਸਮਝਾਉਣ ਦਾ ਪੱਕਾ ਇਰਾਦਾ ਕਰ ਲਿਆ ਸੀ।

ਮੈਂ ਦਸ ਸਾਲ ਤੋਂ ਇਸ ਸਾਰੇ ਦੇਸ਼ 'ਚ ਘੁੰਮ ਰਿਹਾ ਹਾਂ—ਪਤੈ ਕਿਉਂ ਕਿ ਜਿਥੇ 'ਆਦਮੀ' ਹੋਣਗੇ ਉਥੇ ਰਹਾਂਗਾ ਪਰ ਸਾਰਾ ਦੇਸ਼ ਈ ਕੁੱਤਿਆਂ ਬਿਲਿਆਂ ਨਾਲ ਭਰਿਆ ਪਿਐ—ਮੈਂ ਇਨ੍ਹਾਂ ਵਿਚ ਨਹੀਂ ਰਹਿ ਸਕਦਾ, ਮੈਂ ਕੱਲ੍ਹ ਨੂੰ ਮਰ ਜਾਵਾਂਗਾ।

ਉਸ ਦੀ ਇਹ ਗੱਲ ਸੁਣ ਕੇ ਮੇਰੇ ਕੋਲੋਂ ਜੁਆਬ ਹੀ ਨਹੀਂ ਬਣ ਸਕਿਆ ਸੀ। ਮੈਂ ਉਸ ਵਲ ਦੇਖਦਾ ਹੀ ਰਿਹਾ ਸਾਂ।

ਅਚਾਨਕ ਮੇਰੇ ਦਿਮਾਗ ਵਿਚ ਉਸਦੇ ਮਰਨ ਲਈ ਇਕ ਖਾਸ ਦਿਨ ਨਿਸ਼ਚਤ ਕਰਨ ਦੀ ਗਲ ਆਈ। ਹਾਲਾਂਕਿ ਮੈਨੂੰ ਉਸ ਦੇ ਸਚਮੁੱਚ ਦੂਸਰੇ ਦਿਨ ਮਰ ਜਾਣ ਦਾ ਪੂਰਾ ਯਕੀਨ ਨਹੀਂ ਸੀ ਪਰ ਫੇਰ ਵੀ ਮੈਂ ਇਹ ਦਿਨ ਵਾਲੀ ਗੱਲ ਬਾਰੇ ਸਪਸ਼ਟ ਹੋਣਾ ਚਾਹਿਆ।

'ਤੂੰ ਮਰਨ ਲਈ ਕਲ੍ਹ ਦਾ ਦਿਨ ਹੀ ਕਿਉਂ ਚੁਣ ਰਖਿਐ ?' ਮੈਂ ਡਰਦੇ ਡਰਦੇ ਪੁਛਿਆ।

ਉਸ ਦੀ ਮਰਨ ਵਾਲੀ ਗੱਲ ਦਾ, ਕਿਸੇ ਵਲੋਂ ਯਕੀਨ ਕਰ ਲੈਣ ਦੀ ਜਿਵੇਂ ਉਸ ਨੂੰ ਅੰਤਾਂ ਦੀ ਖੁਸ਼ੀ ਹੋਈ ਸੀ ਉਸ ਦੇ ਉਦਾਸ ਚਿਹਰੇ 'ਤੇ ਖੁਸ਼ੀ ਦੀ ਇਕ ਲਕੀਰ ਫੈਲ ਗਈ।

ਉਸ ਨੇ ਖੜਾ ਹੋ ਕੇ ਮੈਨੂੰ ਮੋਢਿਆਂ ਤੋਂ ਫੜਕੇ ਜੁਆਬ ਦਿੱਤਾ—

'ਕੀ ਤੂੰ ਨਹੀਂ ਜਾਣਦਾ।'

'ਨਹੀਂ।'

ਕੱਲ੍ਹ ਨੂੰ ਗਾਂਧੀ ਦਾ ਜਨਮ ਦਿਨ ਐ—ਉਸ ਨੇ ਕਿਹਾ ਤੇ ਫੇਰ ਬਿਨਾਂ ਮੇਰੇ ਵਲ ਤੱਕੇ ਤੁਰ ਗਿਆ।

---

# ਪਾਠਕ ਲੇਖਕ ਫੋਰਮ

## ਮੁਲਾਜ਼ਮ ਜਥੇਬੰਦੀਆਂ ਅਤੇ ਮਾਰਕਸਵਾਦ /

ਸਾਹਿਬ ਸਿੰਘ

ਟਰੇਡ ਯੂਨੀਅਨ ਪੱਖ ਤੋਂ ਮੁਲਾਜ਼ਮ ਤਾਲ ਮੇਲ ਕਮੇਟੀ ਲੰਬੀ ਦਾ 21-22 ਫਰਵਰੀ ਦੀ ਹੜਤਾਲ ਦੇ ਅਹਿਮ ਸਬਕ, 'ਸਾਡੇ ਮਿੱਤਰ ਕੌਣ ਹਨ' ਰਾਣਾ ਗਰੁੱਪ ਦਾ ਅਤੇ 'ਲੰਬੀ ਦੇ ਵਿਗਿਆਨਕਾਂ ਲਈ ਸ਼ੀਸ਼ਾ' ਦੇ ਸਿਰਲੇਖ ਹੇਠ ਛਪੇ ਕਾਮਰੇਡ ਦੀਦੀ ਜੀ ਦੇ ਲਿਖੇ ਪੰਜ ਲੇਖ ਬੜੀ ਮਹਾਨਤਾ ਰੱਖਦੇ ਹਨ

ਸੰਸਾਰ ਦੀ ਟਰੇਡ ਯੂਨੀਅਨ ਦਾ ਪਿਛਲਾ ਇਤਿਹਾਸ ਦੱਸਦਾ ਹੈ ਕਿ ਮਜ਼ਦੂਰ ਲਹਿਰ ਦੀ ਸਹੀ ਅਗਵਾਈ ਆਮ ਤੌਰ ਤੇ ਕਮਿਊਨਿਸਟ ਪਾਰਟੀਆਂ ਹੀ ਕਰਦੀਆਂ ਹਨ। ਅਤੇ ਵਿਗਿਆਨਕ ਸਮਾਜਵਾਦ ਦਾ ਸਹੀ ਰਾਹ ਉਸ ਨੇ ਹੀ ਵਿਖਾਇਆ ਹੈ। ਸਮਾਜਵਾਦ ਹੀ ਮਜ਼ਦੂਰ ਦੀਆਂ ਸੱਭੇ ਬੀਮਾਰੀਆਂ ਦੀ ਇਕੋ ਇਕ ਦਾਰੂ ਸਿੱਧ ਹੋਇਆ ਹੈ। ਭਾਰਤ ਵਿਚ ਵੱਖ ਵੱਖ ਵਿਚਾਰਧਾਰਾਵਾਂ ਕਰ ਕੇ ਮਜ਼ਦੂਰ ਲਹਿਰ ਔਕੜ ਵਿਚ ਫਸੀ ਹੋਈ ਹੈ। ਅਤੇ ਝਮੇਲਿਆਂ ਦਾ ਸ਼ਿਕਾਰ ਹੈ। ਆਖਰ ਕਾਰ ਇਸ ਦਾ ਨਿਤਾਰਾ ਜਨਤਕ ਸੰਘਰਸ਼ਾਂ ਅਤੇ ਉਹਨਾਂ ਵਿਚੋਂ ਉਤਪਨ ਹੋਣ ਵਾਲੀਆਂ ਬਹਿਸ ਨੇ ਹੀ ਕਰਨਾ ਹੈ। ਇਸ ਕਰਕੇ 21-23 ਫਰਵਰੀ ਦੀ ਪ੍ਰਸਤਾਵਤ ਹੜਤਾਲ ਸਬੰਧੀ ਉਸਾਰੂ ਅਲੋਚਨਾ, 'ਹਕੀਕੀ ਕੇਂਦਰ' ਨੂੰ ਜਨਮ ਦੇਣ ਵਿਚ ਸਹਾਈ ਹੋਵੇਗੀ। ਉਪਰੋਕਤ ਤਿਨੇ ਦਸਤਾਵੇਜ਼, ਵੱਖ ਵੱਖ ਪਾਰਟੀਆਂ ਦੇ ਦ੍ਰਿਸ਼ਟੀ-ਕੋਣ ਤੋਂ ਲਿਖੇ ਜਾਪਦੇ ਹਨ। ਇਹਨਾਂ ਨੂੰ ਵਿਗਿਆਨਕ ਦ੍ਰਿਸ਼ਟੀ ਕੋਣ ਤੋਂ ਅਤੇ ਅਮਲਾਂ ਪੱਖੋਂ ਵਾਚਣਾ ਜ਼ਰੂਰੀ ਬਣ ਜਾਂਦਾ ਹੈ। ਇਹਨਾਂ ਵਿਚ ਨਿਚੋੜ ਵਜੋਂ ਮੁੱਖ ਬਿੰਦੂ ਇਹ ਦੋ ਹਨ :—

1. ਹਕੀਕੀ ਸਾਂਝੇ ਕੇਂਦਰ ਦੀ ਉਸਾਰੀ।
2. ਵਰਗ ਸੰਘਰਸ਼ ਦੀ ਲੋੜ ਅਤੇ ਮਜ਼ਦੂਰ ਏਕਤਾ ਦਾ ਸਵਾਲ।

**ਹਕੀਕੀ ਸਾਂਝੇ ਕੇਂਦਰ ਦੀ ਉਸਾਰੀ** :—ਇਸ ਸਚਾਈ ਦਾ ਇਤਿਹਾਸ ਗਵਾਹ ਹੈ ਕਿ ਮਜ਼ਦੂਰ ਲਹਿਰ ਨੇ ਜਨਤਕ ਸੰਘਰਸ਼ਾਂ ਦੀ ਕੁਠਾਲੀ ਵਿਚ ਪੈ ਕੇ ਅੰਤ ਨੂੰ ਵਿਗਿਆਨਕ ਹੱਲ ਤੇ ਕੇਂਦਰਤ ਹੋਣਾ ਹੈ। ਗੈਰ ਵਿਗਿਆਨਕ ਸੋਚ ਤੇ ਚਲ ਰਹੇ ਗਰੁੱਪਾਂ ਨੇ ਅੰਤ ਨੂੰ ਖੁਰਦ-ਬੁਰਦ ਹੋ ਜਾਣਾ ਹੈ। ਸਰਮਾਏਦਾਰ ਪੱਖੀ ਜਥੇ-ਬੰਦੀਆਂ ਕੁਝ ਸਮੇਂ ਲਈ ਜੰਤਾ ਨੂੰ ਭੰਬਲ ਭੂਸਿਆਂ ਵਿਚ

ਜ਼ਰੂਰ ਪਾ ਸਕਦੀਆਂ ਹਨ ਪਰੰਤੂ ਸਦਾ ਲਈ ਇਹਨਾਂ ਦੇ ਮੁਲਾਜ਼ਮ-ਮਜ਼ਦੂਰ ਵਿਰੋਧੀ ਦਾਅ-ਪੇਚ ਸਫਲ ਨਹੀਂ ਹੋ ਸਕਦੇ। ਜਿਉਂ ਜਿਉਂ ਆਰਥਕ ਮੰਦਵਾੜੇ ਨੇ ਡੂੰਘਾ ਹੋਣਾ ਹੈ। ਜਿਸ ਦੇ ਫਲ ਸਰੂਪ, ਆਮ ਜੰਤਾ ਤੇ ਉਜਰਤੀ ਮਜ਼ਦੂਰਾਂ ਦੀਆਂ ਕਠਨਾਈਆਂ ਨੇ ਅਤੇ ਬੇਰੌਜ਼ਗਾਰੀ ਨੇ ਵਧਣਾ ਹੈ, ਘੋਲ ਮਜ਼ਦੂਰ ਦੀ ਮਜਬੂਰੀ ਬਣ ਜਾਣੇ ਹਨ। ਘੋਲਾਂ ਤੋਂ ਭੱਜਣ ਵਾਲੇ ਜਾਂ ਸਰਕਾਰ, ਜੋ ਕਿ ਵੱਡੀ ਸਰਮਾਏਦਾਰੀ ਦੀ ਪ੍ਰਤੀਨਿਧ ਏਜੰਸੀ ਹੈ, ਉਹਦੇ ਆਸਰੇ ਤੇ ਜੀਊਣ ਵਾਲੇ ਸਾਰੇ ਗਰੁੱਪ ਧੂਏਂ ਦੇ ਬੱਦਲਾਂ ਵਾਂਗ ਅਲੋਪ ਹੋ ਜਾਣੇ ਹਨ। ਘੋਲਾਂ ਤੋਂ ਪਹਿਲਾਂ ਕਿਸੇ ਗਰੁੱਪ ਨੂੰ ਉਸਦੇ 'ਠੱਪੇ' ਤੋਂ ਨਹੀਂ ਜਾਣਿਆ ਜਾ ਸਕਦਾ ਕਿ ਕੌਣ ਕੇਂਦਰੀ ਇਕਾਈ ਦਾ ਕੰਮ ਦੇ ਸਕਦਾ ਹੈ ਅਤੇ ਕੌਣ ਨਹੀਂ। ਸੋ ਇਸ ਸਮੇਂ ਤੱਕ ਸਾਰੇ ਗਰੁੱਪਾਂ ਨੂੰ ਦੋ-ਭਾਗਾਂ ਵਿਚ ਵੰਡਣਾ ਉਚਿੱਤ ਅਤੇ ਸੰਭਵ ਹੈ :—

1. ਮੁਲਾਜ਼ਮ-ਮਜ਼ਦੂਰ ਪੱਖੀ
2. ਸਰਮਾਏਦਾਰ ਪੱਖੀ

ਮਜ਼ਦੂਰ ਪੱਖੀ ਹੋਣ ਦਾ ਪ੍ਰਮਾਣ ਉਸ ਦੇ ਪਿਛੋਕੜ ਨੇ ਟਰੇਡ ਯੂਨੀਅਨ ਦੇ ਇਤਿਹਾਸ ਤੋਂ ਹੀ ਮਿਲ ਸਕਦਾ ਹੈ। ਇੱਕੜ ਦੁੱਕੜ ਗਲਤੀਆਂ ਅਣਭੋਲ-ਪੁਣੇ ਜਾਂ ਤਜਰਬਾ ਹੀਣ ਹੋਣ ਕਰਕੇ ਵੀ ਹੋ ਸਕਦੀਆਂ ਹਨ।

ਪਰੰਤੂ ਉਸ ਤੋਂ ਜਾਂ ਉਸ ਦੇ ਤਜਰਬਾਂ ਰਹਿਤ ਸੁਝਾਅ ਤੋਂ ਸੋਧਵਾਦੀ ਜਾਂ ਸਮਾਪਕ (ਲਕੂਈ ਡੇਟਰ) ਕਹਿ ਦੇਣਾ ਉਚਿੱਤ ਨਹੀਂ ਜਾਪਦਾ ਅਤੇ ਆਪਣੇ ਆਪ ਨੂੰ ਵਿਗਿਆਨਕ ਇਕਾਈ ਦਾ ਰੁਤਬਾ ਦੇਣਾ ਉਨ੍ਹਾਂ ਹੀ ਅਣ-ਉਚਿੱਤ ਹੈ। ਮੇਰੇ ਵਿਚਾਰ ਅਨੁਸਾਰ ਮੁਲਾਜ਼ਮ ਤਾਲ ਮੇਲ ਕਮੇਟੀ ਲੰਬੀ ਇਕ ਮੁਢਲੀ ਇਕਾਈ ਹੈ ਤੇ ਉਹਨਾਂ ਵਲੋਂ ਛਾਪਿਆ ਗਿਆ ਕਿਤਾਬਚਾ (ਹੜਤਾਲ ਸਬੰਧੀ) ਮੁਲਾਜ਼ਮ ਘੋਲਾਂ ਦੀ ਅਲੋਚਨਾ ਹੈ ਅਤੇ ਉਹਨਾਂ ਘੋਲਾਂ ਸਬੰਧੀ ਕੁਝ ਸੁਝਾਅ ਹਨ ਜੋ ਸਹੀ ਜਾਂ ਗਲਤ ਵੀ ਹੋ ਸਕਦੇ ਹਨ। ਪਰ ਉਸ ਦੇ ਅਧਾਰ 'ਤੇ ਉਹਨਾਂ ਨੂੰ ਅਰਾਜਕਤਾਵਾਦੀ ਕਹਿ ਕੇ ਮਜ਼ਦੂਰ ਜਥੇਬੰਦੀਆਂ ਦੇ ਦਾਇਰੇ ਤੋਂ ਬਾਹਰ ਕੱਢ ਦੇਣਾ ਜਨਤਕ ਪੱਖ ਦੀਆਂ ਤਾਕਤਾਂ ਨੂੰ ਸੱਟ ਮਾਰਨੀ ਹੈ।

ਮਾਰਕਸੀ ਸੋਚ ਦੇ ਅਧਾਰ ਤੇ ਮਜ਼ਦੂਰਾਂ ਦੇ ਜਥੇਬੰਦਕ ਏਕੇ ਵਿਚ ਵਾਧਾ ਕਰਨਾ ਹੀ ਟਰੇਡ ਯੂਨੀਅਨ ਦੇ ਏਕੇ ਨੂੰ ਦੇਣ ਕਹੀ ਜਾ ਸਕਦੀ ਹੈ। ਪਰੰਤੂ ਸਥਾਪਤ ਹੋਈ ਇਕਾਈ ਵਿਚੋਂ ਨਿਕਲ ਕੇ ਨਵੇਂ ਗਰੁੱਪ ਖੜੇ ਕਰਨਾ ਗੈਰ ਮਾਰਕਸੀ ਪਹੁੰਚ ਹੈ। ਜੇਕਰ ਕਿਸੇ ਇਕਾਈ ਦੀ ਬਣਤਰ ਗੈਰ-ਜਮਹੂਰੀ ਹੈ ਜਿਵੇਂ ਕਿ ਲੰਬੀ ਬਲਾਕ ਦੇ ਮੁਲਾਜ਼ਮ ਸਾਥੀ ਕਹਿ ਰਹੇ ਹਨ, ਜਾਂ ਉਸ ਦੀ ਲੀਡਰ-ਸ਼ਿਪ ਵਿਚ ਘਾਟ ਹੈ ਤਾਂ ਉਸ ਨੂੰ ਠੀਕ ਰਾਹ ਉਤੇ ਲਿਆਉਣ ਲਈ ਅੰਦਰੂਨੀ ਘੋਲ ਕਰਨਾ, ਬਾਹਰ ਭੱਜਣ ਨਾਲੋਂ ਵਧੇਰੇ ਵਾਜ਼ਬ ਹੈ। ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਅਜਲਾਸ ਸਮੇਂ ਜੋ ਨਵੰਬਰ 1968 ਨੂੰ ਮੋਗੇ ਵਿਖੇ ਹੋਇਆ ਸੀ, ਰਾਣਾ ਜੀ ਅਤੇ ਉਸ ਦੇ ਸਾਥੀਆਂ ਵਲੋਂ ਉਸ ਦਾ ਬਾਈਕਾਟ ਕਰਕੇ ਇਕ ਨਵੀਂ 'ਫੈਡਰੇਸ਼ਨ' ਖੜ੍ਹੀ ਕਰਨੀ ਇਕ ਗੰਭੀਰ ਗਲਤੀ ਸੀ, ਕਿਉਂ ਕਿ ਉਸ ਦੇ ਫਲ ਸਰੂਪ ਚਤਰਥ, ਸੰਧੂ ਅਤੇ ਵਾਲੀਆ ਆਦਿ 'ਫੈਡਰੇਸ਼ਨਾਂ' ਨੇ ਜਨਮ ਲਏ। ਮੈਂ ਰਾਣਾ ਜੀ ਦੇ ਮੁਲਾਜ਼ਮ ਹਿਤੂ ਹੋਣ ਤੇ ਸ਼ੱਕ ਨਹੀਂ ਕਰਦਾ ਪਰੰਤੂ ਇਹਨਾਂ ਨੇ ਮੋਗਾ ਅਜਲਾਸ ਦਾ ਬਾਈਕਾਟ ਕਰਕੇ ਸਰਕਾਰ ਪ੍ਰਸਤ ਗਰੁੱਪਾਂ ਨੂੰ ਖੁੰਬਾਂ ਵਾਂਗ ਉਭਰਨ ਲਈ ਉਤਸ਼ਾਹ ਦਿੱਤਾ, ਨਾ ਹੀ ਇਹਨਾਂ ਤੇ ਦੋਸ਼ ਲਾਉਣ ਤੋਂ ਮੇਰਾ ਭਾਵ ਢਿਲੋਂ ਸਾਹਿਬ ਨੂੰ ਹੀ ਬੇ ਕਸੂਰ ਗਰਦਾਨਣ ਦਾ ਹੈ। ਉਹਨਾਂ ਨੇ ਵੀ 'ਫੈਡਰੇਸ਼ਨ' ਦੇ ਗੈਰ ਜਮਹੂਰੀ ਢੰਗ ਨਾਲ 'ਮਹੰਤ' ਬਣੇ ਰਹਿ ਕੇ, ਸਾਰੀਆਂ 'ਫੈਡਰੇਸ਼ਨਾਂ' ਨੂੰ ਪੰਗਰਨ ਦਾ ਮੌਕਾ ਦਿੱਤਾ। ਹਰ ਅਜਲਾਸ ਸਮੇਂ ਉਹ ਅਖੌਤੀ-ਡੈਲੀਗੇਟ ਇਕੱਠੇ ਕਰਕੇ ਚੋਣਾਂ ਦਾ ਢਕਵੰਜ ਹੀ ਰਚਦੇ ਰਹੇ ਹਨ। ਮੋਗਾ ਅਜਲਾਸ ਸਮੇਂ ਵੀ ਢਿਲੋਂ ਵਲੋਂ ਇਹੀ ਨਾਟਕ ਖੇਡਿਆ ਗਿਆ। ਰਾਣਾ ਜੀ, ਢਿਲੋਂ ਫੈਡਰੇਸ਼ਨ ਦੇ ਗੈਰ ਜਮਹੂਰੀ ਢਕੌਂਜ ਨੂੰ ਉਸੇ ਵਿਚ ਰਹਿ ਕੇ ਨੰਗਿਆਂ ਕਰਦੇ ਅਤੇ ਉਸਨੂੰ ਜਮਹੂਰੀ ਲੀਹਾਂ ਉੱਤੇ ਲਿਆਉਣ ਦੀ ਲੜਾਈ ਲੜਦੇ ਤਾਂ ਵਧੇਰੇ ਚੰਗਾ ਹੁੰਦਾ। ਗੱਲ ਏਥੇ ਹੀ ਨਹੀਂ ਮੁਕਦੀ, ਸਾਥੀ ਰਾਣਾ ਨੇ ਪਿਛਲੇ ਸਾਲ 1973-74 ਇਕ ਹੋਰ ਵੱਡੀ ਗਲਤੀ ਕਰਕੇ ਢਿਲੋਂ ਦੀਆਂ ਖਾਮੀਆਂ ਤੇ ਪਰਦਾ ਪਾਇਆ। ਰਾਣੇ ਨੇ ਅਧਿਆਪਕਾਂ ਵਿਚੋਂ ਹਾਰ ਖਾ ਕੇ ਉਹਨਾਂ ਦਾ ਫਤਵਾ ਪ੍ਰਵਾਨ ਕਰਨ ਦੀ ਥਾਂ ਆਪਣੀ 'ਫੈਡਰੇਸ਼ਨ' ਦੇ ਪ੍ਰਧਾਨ ਬਣੇ ਰਹਿ ਕੇ ਗੈਰ ਜਮਹੂਰੀ ਜਥੇਬੰਦੀਆਂ ਨੂੰ ਵਧੇਰੇ ਗੈਰ ਜਮਹੂਰੀ ਰਾਹ ਅਪਨਾਉਣ ਦਾ ਮੌਕਾ ਦਿੱਤਾ।

ਇਸ ਸਬੰਧ ਵਿਚ ਮੁਲਾਜ਼ਮ ਤਾਲਮੇਲ ਕਮੇਟੀ ਲੰਬੀ ਵਲੋਂ 'ਫੈਡਰੇਸ਼ਨ' ਦੀ ਗੈਰ ਜਮਹੂਰੀ ਬਣਤਰ ਉਤੇ ਉਂਗਲ ਰੱਖਣ ਕਾਰਨ ਰਾਣਾ ਜੀ ਅਤੇ ਉਸ ਦੇ ਸਾਥੀਆਂ ਨੂੰ ਤਰਭੱਕਣਾ ਨਹੀਂ ਚਾਹੀਦਾ ਅਤੇ ਆਪਣੀਆਂ ਗਲਤੀਆਂ ਸਵੀਕਾਰ ਕਰਕੇ ਮੁਲਾਜ਼ਮਾਂ ਦੀ ਕੇਂਦਰੀ ਇਕਾਈ ਨੂੰ ਵਿਗਿਆਨਕ ਲੀਹਾਂ ਤੇ ਲਿਆਉਣ ਲਈ ਆਪ ਜਮਹੂਰੀ

ਰਾਹ ਅਪਨਾ ਕੇ ਦੂਸਰਿਆਂ ਲਈ ਉਦਾਹਰਣ ਕਾਇਮ ਕਰਨੀ ਚਾਹੀਦੀ ਸੀ।

• ਜਦ ਤਕ ਮੁਲਾਜ਼ਮ ਜਥੇਬੰਦੀਆਂ ਅਤੇ ਵੱਖ ਵੱਖ 'ਗਰੁੱਪ ਫੈਡਰੇਸ਼ਨਾਂ' ਜਮਹੂਰੀ ਬਣਤਰ ਨਹੀਂ ਅਪਨਾ ਲੈਂਦੀਆਂ ਸਾਂਝੇ ਹਕੀਕੀ ਕੇਂਦਰ ਦੀ ਉਸਾਰੀ ਕਠਨ ਹੈ। ਸੋਧਵਾਦੀ ਅਤੇ ਸੁਧਾਰਵਾਦੀ ਗਰੁੱਪਾਂ ਦੀ ਲੀਡਰ ਸ਼ਿਪ ਜਮਹੂਰੀ ਰਾਹ ਅਪਨਾਉਣ ਵਿਚ ਆਪਣੀ ਮੌਤ ਸਮਝਦੀਆਂ ਹੈ। ਕਿਉਂਕਿ ਅਜਿਹਾ ਕਰਨ ਤੇ ਉਹਨਾਂ ਨੂੰ ਜੰਤਾ ਦੀ ਕੀਮਤ ਤੇ ਆਪਣੇ ਉੱਲੂ ਸਿਧੇ ਕਰਨੇ, ਸਰਮਾਏਦਾਰ ਸ਼੍ਰੇਣੀ ਪ੍ਰਤੀ ਵਫ਼ਾਦਾਰੀ ਵਿਖਾਉਣੀ ਜਥੇਬੰਦੀਆਂ ਦੇ ਪੈਸੇ ਨੂੰ ਗਊ ਸ਼ਾਲਾ-ਫੰਡ ਵਾਂਗ ਭੋਗ ਲਾਉਣ ਦੇ ਨਾਲ ਨਾਲ ਚੌਧਰ ਕਾਇਮ ਰੱਖਣੀ, ਅਸੰਭਵ ਹੋ ਜਾਵੇਗੀ। ਉਹ ਆਪਣੀਆਂ ਗੈਰ ਜਮਹੂਰੀ ਫੈਡਰੇਸ਼ਨਾਂ ਦੇ ਪਰਦੇ ਹੇਠ, ਉਹਨਾਂ ਜਥੇਬੰਦੀਆਂ ਨੂੰ, ਜੋ ਮੁਲਾਜ਼ਮਾਂ ਦੇ ਅਣਥੱਕ ਯਤਨਾਂ ਨਾਲ ਜਮਹੂਰੀ ਰੂਪ ਰੇਖਾ ਅਪਨਾ ਚੁੱਕੀਆਂ ਹਨ (ਜਿਵੇਂ ਜੀ. ਟੀ. ਯੂ.) ਸਾਬੋਤਾਜ ਕਿਸ ਤਰ੍ਹਾਂ ਕਰ ਸਕਣਗੀਆਂ? ਉਦਾਹਰਣ ਦੇ ਤੌਰ ਤੇ 2 ਸਤੰਬਰ 1973 ਨੂੰ ਜਲੰਧਰ ਵਿਖੇ ਜਦ ਗੌਰਮਿੰਟ ਟੀਚਰਜ਼ ਯੂਨੀਅਨ ਦੀ ਬੇਮਸਾਲ ਰੈਲੀ ਹੋ ਰਹੀ ਸੀ, ਸਾਥੀ ਰਣਧੀਰ ਸਿੰਘ ਗਿੱਲ, ਜੋ ਉਸੇ ਜਥੇਬੰਦੀ ਦੀ ਉੱਚਤਮ ਕਾਰਜ-ਕਾਰਣੀ ਦੇ ਮੈਂਬਰ ਵੀ ਸਨ ਉਸ ਵਿਚ ਹੁਲੜਬਾਜ਼ੀ ਕਰਕੇ, ਯੂਨੀਅਨ ਦੇ ਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਇਆ ਸਮਾਨਾਂਤਰ ਕਨਵੈਨਸ਼ਨਾਂ ਬੁਲਾ ਕੇ ਆਪਣੀ ਗੈਰ ਜਮਹੂਰੀ ਫੈਡਰੇਸ਼ਨ ਨੂੰ (ਜਿਸ ਦੇ ਇਹ ਰਣਬੀਰ ਢਿਲੋਂ ਵਲੋਂ ਸਕੱਤਰ ਥਾਪੇ ਹੋਏ ਸਨ) ਵਫ਼ਾਦਾਰੀ ਵਿਖਾਈ। ਇਸ ਦੇ ਸਿੱਟੇ ਵਜੋਂ ਰਾਣੇ ਦੀ ਲੀਡਰਸ਼ਿਪ ਨੂੰ 3 ਸਤੰਬਰ 1973 ਨੂੰ ਮੌਕੇ ਦੇ ਹਾਲਾਤ ਅਨੁਸਾਰ ਵਿਦਿਆ ਮੰਤਰੀ ਨਾਲ ਲਿਫ ਕੇ ਸਮਝੌਤਾ ਕਰਨਾ ਪਿਆ। ਜਿਸ ਸਮਝੌਤੇ ਅਨੁਸਾਰ ਅਨ ਅਡਜਸਟਡ ਅਧਿਆਪਕ ਨੂੰ ਅਡਜਸਟ ਕਰਨਾ ਬੇਰੋਜ਼ਗਾਰ ਅਧਿਆਪਕਾਂ ਨੂੰ ਪੱਕੀਆਂ ਨਿਯੁਕਤੀਆਂ ਦੇਣਾ, ਅਕਾਲੀ ਸਰਕਾਰ ਸਮੇਂ ਹੋਏ ਸਮਝੌਤੇ ਨੂੰ ਲਾਗੂ ਕਰਦਿਆਂ ਤਿੰਨ ਲੱਖ ਰੁਪਏ ਦੇ ਕੇ 'ਸਪੈਨ' ਘਟਾਉਣਾ, ਅਧਿਆਪਕਾਂ ਨੂੰ ਸਲੈਕਸ਼ਨ ਗਰੇਡ ਦੇਣੇ ਪੱਕਿਆਂ (ਕਨਫਰਮ) ਕਰਨਾ ਆਦਿ ਮੰਗਾਂ ਮੰਨਵਾ ਕੇ ਘੋਲ ਦੇ ਫਲ ਸਰੂਪ ਜੋ ਤੁੱਛ ਜਿਹੀ ਪ੍ਰਾਪਤੀ ਹੋਈ, ਉਸ ਤੋਂ ਵੀ ਇਨਕਾਰੀ ਹੋਕੇ, 'ਕੁਝ ਨਹੀਂ ਮਿਲਿਆ' ਦਾ ਰਾਗ ਅਲਾਪ ਕੇ ਸਰਕਾਰ ਦਾ ਸਾਥ ਦਿੱਤਾ।

ਇਸ ਤਰ੍ਹਾਂ ਗੈਰ ਜਮਹੂਰੀ 'ਫੈਡਰੇਸ਼ਨਾਂ' ਦਾ ਕੰਮ ਦੂਜੀਆਂ ਜਮਹੂਰੀ ਇਕਾਈਆਂ ਦੇ ਘੋਲਾਂ ਸਮੇਂ ਅੜਿਕੇ ਖੜੇ ਕਰਨਾ ਹੈ। ਮੁਲਾਜ਼ਮ ਏਕਤਾ ਹੋਣੋਂ ਰੋਕਣਾ ਹੈ। ਅਤੇ ਕੀਤੇ ਕਰਾਏ ਨੂੰ ਮਿੱਟੀ ਵਿਚ ਮਿਲਾਉਣਾ ਹੈ। ਸਾਥੀ ਢਿਲੋਂ ਅਧਿਆਪਕ ਹੁੰਦੇ ਹੋਏ ਵੀ ਆਪਣੀ ਮਾਂ-ਜਥੇਬੰਦੀ ਜੀ.ਟੀ.ਯੂ. ਦੀ ਹਰ ਤਰ੍ਹਾਂ ਉਲੰਘਣਾ ਕਰਦਿਆਂ ਹੋਇਆਂ ਆਪਣੀ ਫੈਡਰੇਸ਼ਨ ਦੇ ਜਨਰਲ ਸਕੱਤਰ ਬਣੇ ਬੈਠੇ ਹਨ। ਉਹ ਮੁਲਾਜ਼ਮਾਂ ਦੇ ਹਿਤਾਂ ਦੀ ਥਾਂ ਆਪਣੇ ਅਤੇ ਆਪਣੇ ਸਰਮਾਏਦਾਰ ਮਾਲਕਾਂ ਦੇ ਹਿੱਤ ਨੂੰ ਵਧੇਰੇ ਮੁੱਖ ਰਖਦੇ ਹਨ। ਆਪਣੀ ਪਾਰਟੀ ਸੀ. ਪੀ. ਆਈ ਦੀ ਕਾਂਗਰਸ ਨਾਲ ਸਾਂਝ ਪਾਲਦਿਆਂ ਹੋਇਆਂ 21-22 ਫਰਵਰੀ ਦੀ ਪ੍ਰਸਤਾਵਤ ਹੜਤਾਲ ਨੂੰ ਤਾਨਾਸ਼ਾਹੀ ਢੰਗ ਨਾਲ ਵਾਪਸ ਲੈ ਕੇ ਜਨਰਲ ਕੌਂਸਲ ਦੇ ਜਮਹੂਰੀ ਫੈਸਲੇ ਨੂੰ ਮਿੱਟੀ ਵਿਚ ਰੋਲਿਆ। ਇਸ ਜਥੇਬੰਦੀ ਦੀ ਨੇਤਗੀ ਨੂੰ ਆਪ ਹੁਦਰਾ-ਪਣ ਕਰਕੇ ਬੇਜਾਨ ਅਤੇ ਨਿਪੁੰਸਕ ਬਣਾ ਦਿੱਤਾ। ਜਿਸ ਕਰਕੇ ਅਧਿਆਪਕ ਵਰਗ ਉਪਰ ਹੋਏ ਬੇਅਥਾਹ ਸਰਕਾਰੀ ਜ਼ਬਰ ਬਦਲੀਆਂ ਦੇ ਚੱਕਰ, ਸਰਵਿਸ ਬਰੇਕ, ਹੜਤਾਲਾਂ ਉਪਰ ਬੰਦਸ਼, ਤਨਖਾਹ ਜਾਮ ਆਦਿ ਦੇ ਬਾਵਜੂਦ ਲੀਡਰ ਸ਼ਿਪ ਚੁੱਪ ਚਾਪ ਤਮਾਸ਼ਾ ਵੇਖਦੀ ਰਹੀ।

ਉਹ ਸਾਥੀ ਆਪਣੀ ਪਾਰਟੀ ਦੀ ਸੋਧਵਾਦੀ ਨੀਤੀ ਇਸ ਤਰ੍ਹਾਂ ਜਾਰੀ ਰੱਖਣ ਲਈ ਸਾਂਝੇ ਕੇਂਦਰ ਦੀ ਵਿਗਿਆਨਕ ਬਣਤਰ ਦੇ ਵਿਰੋਧ ਵਿਚ ਅੜੇ ਖੜ੍ਹੇ ਪਰੰਤੂ ਲੋਕਾਂ ਸਾਹਮਣੇ ਇਸ ਸਬੰਧੀ ਲਫਾਫੇਬਾਜ਼ੀ ਕਰਦੇ ਹੋਏ ਕਈ ਵਾਰ ਪਰੈਸ ਨੋਟ ਵੀ ਜਾਰੀ ਕਰਦੇ ਰਹਿੰਦੇ ਹਨ। ਉਦਾਹਰਣ ਵਜੋਂ 31 ਜਨਵਰੀ 1974 ਨੂੰ 'ਫੈਡਰੇਸ਼ਨ ਦੀ ਕਾਰਜ ਕਾਰਣੀ ਨੇ ਗੁਪਤ ਵੋਟ ਪ੍ਰਣਾਲੀ ਦੁਆਰਾ ਅਧਿਆਪਕਾਂ ਦੇ ਹੋਏ ਏਕੇ ਨੂੰ ਜੀਅ-ਆਇਆਂ ਆਖਿਆ। ਅਤੇ ਏਸੇ ਤਰ੍ਹਾਂ ਤੀਜੀ ਅਤੇ ਚੌਥੀ ਪ੍ਰਣਾਲੀ ਦੇ ਕਰਮ-ਚਾਰੀਆਂ ਦੇ ਏਕੇ ਨੂੰ ਗੁਪਤ ਵੋਟ ਪ੍ਰਣਾਲੀ ਦੁਆਰਾ ਉਸਾਰਨ ਦੀ ਪੇਸ਼ਕਸ਼ ਕੀਤੀ', 'ਢਿਲੋਂ ਫੈਡਰੇਸ਼ਨ' ਦੇ ਪਰੈਸ ਸਕੱਤਰ ਸ੍ਰੀ ਵਰਿਆਮ ਸਿੰਘ ਨੇ ਆਪਣੇ ਪ੍ਰੈਸ ਨੋਟ ਵਿਚ ਉਪਰੋਕਤ ਬਿਆਨ ਦਿੱਤਾ ਸੀ। ਇਸ ਬਿਆਨ ਤੋਂ ਉਤਸ਼ਾਹ ਲੈਂਦਿਆਂ ਹੋਇਆਂ, 'ਸਾਂਝੀ ਇਕਾਈ' ਦੀ ਰੂਪ-ਰੇਖਾ ਤਿਆਰ ਕਰਨ ਵਾਸਤੇ (ਫੈਡਰੇਸ਼ਨਾਂ ਦਾ ਏਕਾ) ਮੈਂ 'ਏਕਾ ਕੰਨਵੈਨਸ਼ਨ' 26 ਜਨਵਰੀ 1972 ਨੂੰ ਚੰਡੀਗੜ੍ਹ ਵਿਖੇ ਬੁਲਾਈ। ਪਰੰਤੂ ਇਸ ਸੱਦੇ ਦੀ ਵਿਰੋਧਤਾ ਇਸ ਪੱਧਰ ਤੱਕ ਕੀਤੀ ਗਈ ਕਿ ਰਣਧੀਰ ਢਿਲੋਂ ਨੇ ਆਪਣੇ ਅਸਰ ਹੇਠਲੇ ਦਫ਼ਤਰਾਂ ਦੇ ਬੂਹਿਆਂ ਉਤੇ ਇਸ ਸਬੰਧੀ

ਇਸ਼ਤਿਹਾਰ ਲਾਉਣ ਤੋਂ ਵੀ ਮੈਨੂੰ ਰੋਕਿਆ ਗਿਆ। ਇਥੋਂ ਤੱਕ ਕਿ ਉਸ ਨੇ ਗੁੱਟ ਦੇ ਕਾਇਮ-ਮੁਕਾਮ ਪ੍ਰਧਾਨ ਸਾਥੀ ਜਸਵੰਤ ਸਿੰਘ ਨੇ ਕੰਨਵੈਨਸ਼ਨ ਵਿਚ ਇਕਬਾਲ ਕੀਤਾ ਕਿ ਉਹਨਾਂ ਨੂੰ 'ਢਿਲੋਂ ਸਾਹਿਬ' ਨੇ ਇਸ ਇਕੱਤਰਤਾ ਵਿਚ ਹਾਜ਼ਰ ਤੋਂ ਵਰਜਿਆ ਸੀ । ਪਰੰਤੂ ਉਸ ਨੇ ਕੰਨਵੈਨਸ਼ਨ ਤੋਂ ਪ੍ਰਭਾਵਤ ਹੋ ਕੇ, ਅਤੇ ਢਿਲੋਂ ਸਾਹਿਬ ਦੀ 'ਏਕਾ ਵਿਰੋਧੀ ਨੀਤੀ' ਤੋਂ ਤੰਗ ਆਕੇ ਆਪਣੇ ਪਦ ਤੋਂ ਤਿਆਗ ਪੱਤਰ ਦੇ ਦਿਤਾ। ਇਸ ਕਨਵੈਨਸ਼ਨ ਦੇ ਫੈਸਲੇ ਅਨੁਸਾਰ 'ਚਾਰ ਮੈਂਬਰੀ' ਨਿਰਪੱਖ ਸਰਕਾਰੀ ਮੁਲਾਜ਼ਮਾਂ ਦੀ ਕਮੇਟੀ ਬਣਾਈ ਗਈ ਜੋ ਸਾਥੀ ਢਿਲੋਂ ਨੂੰ ਉਸ ਦੇ ਦਫਤਰ ਪੁੱਜ ਕੇ ਏਕੇ ਸਬੰਧੀ ਬੇਨਤੀ ਕਰੇ। ਇਸ ਕਮੇਟੀ ਵਲੋਂ ਯਾਦ ਪੱਤਰ ਪੇਸ਼ ਕਰਨ ਤੇ ਢਿਲੋਂ ਸਾਹਿਬ ਨੇ ਪੁੱਠੀ ਹੀ ਵਾਹੀ, 'ਜਾਓ ! ਲੈ ਜਾਓ ਇਸ ਨੂੰ...ਡਾਕਖ਼ਾਨੇ ਜਾ ਕੇ ਇਸ ਦੀ ਰਜਿਸਟਰੀ ਕਰਵਾ ਦਿਓ...ਮੇਰੇ ਨਾਂ ਤੇ।' ਸਾਥੀ ਚਤਰਥ ਨੇ ਵੀ ਅਜਿਹਾ ਹੀ ਨੀਰਸ ਹੁੰਗਾਰਾ ਭਰਿਆ। ਅਜਿਹੀ ਹੀ ਇਕ ਹੋਰ ਤਾਜ਼ੀ ਘਟਨਾ ਵਰਨਣ ਯੋਗ ਹੈ, ਉਹ ਇਹ ਕਿ 24 ਨਵੰਬਰ 1974 ਨੂੰ ਪੰਜਾਬ ਪੱਧਰ ਦੇ ਜਲੰਧਰ ਵਿਖੇ ਹੋਏ 'ਤਨਖਾਹ ਜਾਮ' ਬਾਰੇ ਅਜਲਾਸ ਦਾ ਵੀ ਢਿਲੋਂ ਗੁੱਟ ਨੇ ਬਾਈਕਾਟ ਕੀਤਾ ਜੋ ਕਿ ਉਹਨਾਂ ਦੀ ਏਕਤਾ ਵਿਰੋਧੀ ਅਤੇ ਲੋਕ ਵਿਰੋਧੀ ਨੀਤੀ ਦਾ ਠੋਸ ਸਬੂਤ ਹੈ।

ਮੁਲਾਜ਼ਮ ਤਾਲਮੇਲ ਕਮੇਟੀ ਲੰਬੀ ਇਕ ਮੁਢਲੀ ਅਤੇ ਹੇਠਲੀ ਇਕਾਈ ਹੋਣ ਕਰਕੇ ਪੰਜਾਬ ਪੱਧਰ ਦੀ ਵਿਗਿਆਨਕ ਇਕਾਈ (ਕੇਂਦਰੀ) ਸਬੰਧੀ ਤਜਰਬਾਹੀਣ ਜਾਪਦੀ ਹੈ ਜਿਸ ਕਰਕੇ ਉਹਨਾਂ ਦਾ ਇਹ ਕਹਿਣਾ ਕਿ 'ਵਖੋ ਵੱਖ ਫੈਡਰੇਸ਼ਨਾਂ ਨੂੰ ਭੰਗ ਕਰਕੇ ਏਕੇ ਦੀ ਉਸਾਰੀ ਲਈ ਗੰਭੀਰ ਯਤਨ ਕੀਤੇ ਜਾਣ' (ਸਫ਼ਾ 39 21-22 ਫਰਵਰੀ ਦੀ ਹੜਤਾਲ ਦੇ ਅਹਿਮ ਸਬਕ) ਅਤੇ ਫਿਰ ਸਫ਼ਾ 40 ਤੇ ਇਹ ਸੁਝਾ ਦੇਣਾ ਕਿ ਇਹਨਾਂ (ਸਾਝੇ ਕੇਂਦਰ) ਕਮੇਟੀਆਂ ਨੂੰ, ਵੱਖ ਵੱਖ ਮੁਲਾਜ਼ਮ ਜਥੇਬੰਦੀਆਂ ਨੂੰ ਅਧੀਨ ਜਥੇਬੰਦੀਆਂ ਸਮਝ ਕੇ, ਆਪਣੇ ਫੈਸਲੇ ਉਹਨਾਂ ਸਿਰ ਠੋਸਣ ਦਾ ਅਧਿਕਾਰ ਨਾ ਹੋਵੇ। ਸਗੋਂ ਹਰ ਜਥੇਬੰਦੀ ਦਾ ਅਜ਼ਾਦਾਨਾ ਤੌਰ ਤੇ ਫੈਸਲੇ ਲੈਣ ਦਾ ਅਧਿਕਾਰ ਕਾਇਮ ਰਹੇ।

ਲੰਬੀ ਬਲਾਕ ਦੇ ਸਾਥੀਆਂ ਦੇ ਉਪਰੋਕਤ ਸੁਝਾਅ ਤੋਂ ਅਨਜਾਣ ਪੁਣਾ ਟਪਕਦਾ ਹੈ। ਕਿਉਂਕਿ ਇਸ ਸੁਝਾਅ ਤੇ ਅਮਲ ਕਰਨ ਨਾਲ ਮੁਲਾਜ਼ਮ ਮਜ਼ਦੂਰ ਕੇਂਦਰੀ ਇਕਾਈ ਉਸਾਰਨ ਦੀ ਥਾਂ ਉਸ ਨੂੰ ਜੋ ਵੀ ਪੁੰਗਰ ਰਹੀ ਹੈ ਜਾਂ ਹੋਂਦ ਵਿਚ ਆਉਣ ਦੀ ਜੱਦੋਜਹਿਦ ਕਰ ਰਹੀ ਹੈ, ਮਾਰੂ ਸੱਟ ਲਾਉਂਦੇ ਹਨ। ਇਸ ਨਾਲ ਸਰਕਾਰ ਅਤੇ ਮਾਲਕ-ਪ੍ਰਸਤ ਤਾਕਤਾਂ ਵਧੇਰੇ ਸ਼ਕਤੀਸ਼ਾਲੀ ਬਣ ਜਾਣਗੀਆਂ ਅਤੇ ਮਜ਼ਦੂਰ ਲਹਿਰ ਕੇਂਦਰੀ ਇਕਾਈ ਰਹਿਤ ਹੋਣ ਕਾਰਨ ਵਧੇਰੇ ਕਮਜ਼ੋਰ ਹੋ ਜਾਵੇਗੀ।

ਬੁਰਜੂਆ ਲੀਡਰਸ਼ਿਪ ਅਜੇ ਵੀ ਮੁਲਾਜ਼ਮ-ਮਜ਼ਦੂਰ ਲਹਿਰ ਤੇ ਵਧੇਰੇ ਕਾਬਜ਼ ਹੈ ਜੋ ਕਿ ਉਹਨਾਂ ਨੂੰ ਸੋਧਵਾਦੀ ਸੁਧਾਰਵਾਦ ਦੇ ਜਾਲ 'ਚ ਉਲਝਾਉਣ ਵਿਚ ਸਫਲ ਹੈ, ਉਹ ਮੌਕਾ-ਪ੍ਰਸਤ ਹੋਣ ਕਰ ਕੇ ਅਸੈਂਬਲੀ ਦੀਆਂ ਸੀਟਾਂ/ਸਰਕਾਰੀ ਕੁਰਸੀਆਂ, ਆਰਥਕ ਰਿਆਇਤਾਂ ਆਦਿ ਦੀ ਲਾਲਸਾ ਪਿਛੇ ਮੁਲਾਜ਼ਮਾਂ ਨੂੰ ਬੁੱਧੂ ਬਣਾਉਂਦੀ ਹੋਈ, ਮੌਕੇ ਦੀ ਸਰਕਾਰ ਪਿਛੇ ਪੂਛ ਹਿਲਾਉਂਦੀ ਰਹਿੰਦੀ ਹੈ। ਪਰੰਤੂ ਇਸ ਨੇਤਾਗੀ ਪਿਛੇ ਜੋ ਜਨਸਮੂਹ ਹੈ, ਸਾਫ ਦਿਲ ਹੈ। ਅਤੇ ਇਹ ਖੱਬੇ ਪੱਖੀ ਜਥੇਬੰਦੀਆਂ ਦੇ ਜਮਾਤੀ ਘੋਲਾਂ ਸਮੇਂ ਇਕ ਨਾ ਇਕ ਦਿਨ ਇਹਨਾਂ ਨਾਲ ਆ ਸ਼ਾਮਲ ਹੋਵੇਗਾ।

ਮੇਰੀ ਰਾਇ ਇਹ ਹੈ ਕਿ ਜਥੇਬੰਦਕ ਘੇਰੇ ਤੋਂ ਬਾਹਰ ਜਨਸਮੂਹ ਨੂੰ ਅਤੇ ਬੁਰਜੂਆਜ਼ੀ ਲੀਡਰਸ਼ਿਪ ਘੇਰੇ ਵਿਚ ਆਏ ਹੋਏ ਜਨਸਮੂਹ ਨੂੰ ਤੋੜਨ ਲਈ, ਖੱਬੇ ਪੱਖੀ ਸ਼ਕਤੀਆਂ ਨੂੰ ਲਾਜ਼ਮੀ, ਮਜ਼ਦੂਰ ਘੋਲਾਂ ਦੇ ਸਮੇਂ ਸਾਂਝੇ-ਮੁਹਾਜ਼ ਬਣਾਉਣੇ ਪੈਣਗੇ ਤਾਂ ਹੀ ਜਨਸਮੂਹ ਵਿਗਿਆਨਕ 'ਸਾਂਝੀ ਇਕਾਈ' ਨਾਲ ਜੋੜਿਆ ਜਾ ਸਕਦਾ ਹੈ ਅਤੇ ਉਸ ਦੇ ਉਪਰੰਤ ਮੁਲਾਜ਼ਮ ਮਜ਼ਦੂਰ ਵਰਗ, ਸਰਮਾਏਦਾਰੀ ਸ਼ਕਤੀਆਂ ਦੇ ਜਬਰ ਦਾ ਢੁੱਕਵਾਂ ਉੱਤਰ ਦੇ ਸਕਦਾ ਹੈ।

## 2. ਵਰਗ ਸੰਪਰਦਾ :

21-22 ਫਰਵਰੀ ਦੀ ਪ੍ਰਸਤਾਵਿਤ ਹੜਤਾਲ ਦੇ ਦੁਖਦਾਈ ਅੰਤ ਅਤੇ 17 ਲੱਖ ਰੇਲ ਕਾਮਿਆਂ ਦੀ ਦੇਸ਼-ਭਰ ਵਿਚ ਹੋਈ ਸ਼ਕਤੀਸ਼ਾਲੀ ਹੜਤਾਲ ਦੇ ਕੁਚਲੇ ਜਾਣ ਨੇ ਸਿੱਧ ਕਰ ਦਿਤਾ ਹੈ ਕਿ ਵਰਤਮਾਨ ਮਜ਼ਦੂਰ ਮੁਲਾਜ਼ਮ ਵਿਰੋਧੀ ਜਾਬਰ ਸਰਮਾਏਦਾਰੀ ਤੋਂ ਹੱਕ ਪ੍ਰਾਪਤ ਕਰਨ ਲਈ ਇੱਕੜ ਦੁੱਕੜ ਵਿਅਕਤੀਗਤ ਐਕਸ਼ਨ ਕਾਫ਼ੀ ਨਹੀਂ ਹਨ। ਸਰਮਾਏਦਾਰੀ ਦੀ ਕਠਪੁਤਲੀ ਸਰਕਾਰ ਨੇ ਆਪਣੇ ਹੱਥ ਮਜਬੂਤ ਕਰਨ ਲਈ, ਦਫ਼ਾ 144, ਡੀ. ਆਈ. ਆਰ. ਮੀਸਾ ਆਦਿ ਕਾਲੇ ਕਨੂੰਨਾਂ ਦੀ ਖੁਲ੍ਹੀ ਵਰਤੋਂ ਅਰੰਭ ਕਰ ਦਿਤੀ ਹੈ। ਇਸ ਸੂਰਤ ਵਿਚ ਸਾਡੇ ਦੇਸ਼ ਦੀ ਟਰੇਡ ਯੂਨੀਅਨ ਲਹਿਰ ਵਾਸਤੇ ਭਾਰਤ ਦੇ ਕਿਸੇ ਭਾਗ ਵਿਚ ਵੀ ਵਰਗ ਸੰਘਰਸ਼ ਤੋਂ ਬਿਨਾਂ ਜਿਉਂਦੇ ਰਹਿਣਾ ਬੜਾ ਕਠਨ ਹੋ ਗਿਆ ਹੈ। ਅਜਿਹੇ

ਵਰਗ ਸੰਘਰਸ਼ ਲਈ ਸਾਂਝੇ ਵਿਗਿਆਨ ਕੇਂਦਰ ਦੀ ਉਸਾਰੀ ਦੇ ਨਾਲ ਨਾਲ ਜਨਸਮੂਹ ਨੂੰ ਜਥੇਬੰਦਕ ਕਰਨਾ ਸਮੇਂ ਦੀ ਲੋੜ ਬਣ ਗਈ ਹੈ। ਇਸ ਲਈ ਸਾਨੂੰ ਮੁਲਾਜ਼ਮ ਜਥੇਬੰਦੀਆਂ (ਮੁਢਲੀਆਂ ਅਤੇ ਕੇਂਦਰੀ) ਦੀ ਅਜਿਹੀ ਜਮਹੂਰੀ ਬਣਤਰ ਦੀ ਲੋੜ ਹੈ ਜੋ ਸਾਡੀ ਉਸ ਵਡਮੁੱਲੀ ਸ਼ਕਤੀ ਨੂੰ, ਜਿਹੜੀ ਆਪਣੀਆਂ ਵਿਰੋਧਤਾਈਆਂ ਵਿਚ ਜ਼ਾਇਆ ਹੋ ਰਹੀ ਹੈ,ਮੁਲਾਜ਼ਮ ਤੇ ਮਜ਼ਦੂਰ ਸ਼੍ਰੇਣੀ ਨੂੰ ਵਧੇਰੇ ਇਕ-ਮੁੱਠ ਕਰਨ ਲਈ ਵਰਤਿਆ ਜਾਵੇ। ਪਰੰਤੂ ਸਾਥੀ ਮਦਨ ਲਾਲ ਦੀ ਲੰਬੀ ਬਲਾਕ ਦੇ ਮੁਲਾਜ਼ਮ ਸਾਥੀਆਂ ਵਲੋਂ ਸਾਡੀਆਂ ਜਥੇਬੰਦੀਆਂ ਦੇ ਜਮਹੂਰੀ-ਕਰਨ ਵਲ ਧਿਆਨ ਦੁਆਉਣ ਤੇ ਇਹਨਾਂ ਨੂੰ ਅਰਾਜਕਤਾ ਵਾਦੀ ਕਹਿ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਕਰਦੇ ਹਨ। ਸ੍ਰੀ ਦੀਦੀ ਵਲੋਂ ਵਿਰੋਧੀ ਰਾਹ ਰੱਖਣ ਵਾਲਿਆਂ ਤੇ ਅਰਾਜ-ਕਤਾਵਾਦ ਦਾ ਫਤਵਾ ਲਾਉਣਾ, ਕਾਜ਼ੀਆਂ ਵਲੋਂ ਆਪਣੀ ਡਿਕਟੇਟਰੀ ਤੇ ਅਧਿਕਾਰਵਾਦ ਨੂੰ ਜਮਾਉਣਾ ਤੇ ਜਮਹੂਰੀ ਸੋਚ ਨੂੰ ਦਬਾਉਣਾ ਹੈ।

'ਪਿੰਡਾਂ ਵਿਚ ਗੁਰੀਲਾ ਲੜਾਈ ਅਤੇ ਇਕੱਲੇ ਦੁਕੱਲੇ ਵਿਅਕਤੀ ਵਿਰੁਧ ਖਾੜਕੂ ਤੇ ਸਰਗਰਮ ਘੋਲ ਦਾ ਫੰਡਰ ਰਾਹ ਅਖਤਿਆਰ ਕਰਕੇ ਛੱਡ ਚੁਕੇ ਹਨ ਅਤੇ ਹੁਣ ਵੱਖੋ ਵੱਖਰੀਆਂ ਜਥੇਬੰਦੀਆਂ ਵਿਚ ਘੁਸ ਕੇ ਸਰਗਰਮ ਅਤੇ ਖਾੜਕੂ ਘੋਲ ਕਰ ਰਹੇ ਹਨ।' ਸਾਥੀ ਦੀਦੀ 'ਸਾਡਾ ਜੁੱਗ' ਮਿਤੀ 8 ਸਤੰਬਰ 1974 ਵਿਚ ਲਿਖਦੇ ਹੋਏ ਸਰਕਾਰ ਦੀ ਬੋਲੀ ਬੋਲ ਰਹੇ ਜਾਪਦੇ ਹਨ।

ਲੰਬੀ ਬਲਾਕ ਵਿਖੇ ਵਖੋ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ 9 ਜਨਵਰੀ ਅਤੇ 21-22 ਫਰਵਰੀ ਦੀ ਹੜਤਾਲ ਸਮੇਂ ਤਾਲ-ਮੇਲ ਕਮੇਟੀ ਸਥਾਪਤ ਕਰਕੇ ਮੁਢਲੀ ਇਕਾਈ ਤੇ ਵਿਗਿਆਨਕ ਢੰਗ ਨਾਲ ਜਨ-ਸਮੂਹ ਨੂੰ ਲੰਬੇ ਸੰਘਰਸ਼ ਲਈ ਲਾਮਬੰਦ ਕੀਤਾ ਅਤੇ ਆਪਣੇ ਤਜਰਬੇ ਤੋਂ ਸਿਖ-ਦਿਆਂ ਉਹਨਾਂ ਨੇ ਕੁਝ ਸੁਝਾਅ ਰਖੇ ਜੋ ਪੰਜਾਬ ਦੇ ਬਾਕੀ ਭਾਗਾਂ ਵਿਚ ਹੇਠਲੀਆਂ ਇਕਾਈਆਂ ਨੂੰ ਘੋਲਾਂ ਦੇ ਯੋਗ ਦੇ ਯੋਗ ਬਣਾਉਣ ਲਈ ਲਾਭਕਾਰੀ ਸਾਬਤ ਹੋ ਸਕਦੇ ਹਨ। ਅਤੇ ਘੋਲਾਂ ਸਮੇਂ ਲੀਡਰਸ਼ਿਪ ਨੂੰ ਸਮੂਹਕ ਰੂਪ ਦੇ ਸਕਦੇ ਹਨ। 'ਬਲਾਕ, ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਵੱਖ ਵੱਖ ਮੁਲਾਜ਼ਮ ਜਥੇਬੰਦੀਆਂ ਨੂੰ ਪ੍ਰਤੀਨਿਧਤਾ ਦੇ ਕੇ ਇਨ੍ਹਾਂ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀਆਂ ਕਮੇਟੀਆਂ ਬਣਾਈਆਂ ਜਾਣ।' ਪਤਾ ਨਹੀਂ ਦੀਦੀ ਜੀ ਨੂੰ ਇਸ ਸੁਝਾਅ ਅਤੇ ਮਜ਼ਦੂਰ ਲਹਿਰ ਵਿਚ ਵੀ 'ਸਰਗਰਮ ਅਤੇ ਖਾੜਕੂ 'ਘੋਲ' 'ਫੰਡਰ ਰਾਹ' ਕਿਉਂ ਦਿਸਦੇ ਹਨ। ਜਥੇਬੰਦੀਆਂ ਨੂੰ ਜਮਹੂਰੀ ਬਣਤਰ ਦੇਣਾ ਇਹਨਾਂ ਨੂੰ ਕਿਉਂ ਬੁਰਾ ਲਗਦਾ ਹੈ। ਸਾਥੀ ਢਿਲੋਂ ਦੀ ਵਿਅਕਤੀ-ਗਤ ਲੀਡਰਸ਼ਿਪ ਨੂੰ ਜਮਹੂਰੀ ਫੈਡਰੇਸ਼ਨ ਦਾ ਰੂਪ ਕਿਉਂ ਦੇ ਰਹੇ ਹਨ? 21-22 ਫਰਵਰੀ ਦੀ ਹੜਤਾਲ ਦਾ ਦੁਖਦਾਈ ਅੰਤ ਅਤੇ ਮੁਲਾਜ਼ਮ ਲਹਿਰ ਵਿਚ ਗੰਭੀਰ ਫੁੱਟ ਦੇ ਅਸਲ ਜ਼ੁੰਮੇਵਾਰ ਢਿੱਲੋਂ ਸਾਹਿਬ ਸਾਬਤ ਹੋਏ ਹਨ।

ਸੋਧਵਾਦੀ ਅਤੇ ਸੁਧਾਰਵਾਦੀ ਗਰੁੱਪ ਲੰਬੇ ਅਤੇ ਖਾੜਕੂ ਘੋਲਾਂ ਦੇ ਵਿਰੋਧੀ ਹੋਣ ਕਰਕੇ ਕੇਂਦਰੀ ਇਕਾਈ ਦੀ ਸਮੂਹਕ ਨੇਤਰੀ ਦੀ ਵਿਰੋਧਤਾ ਕਰਦੇ ਆ ਰਹੇ ਹਨ। ਉਹ ਹੁਕਮਰਾਨ ਜਮਾਤ ਦੇ ਹਿੱਤਾਂ 'ਤੇ ਸੱਟ ਮਾਰਨੀ ਨਹੀਂ ਚਾਹੁੰਦੇ ਅਤੇ ਖੱਜੀ ਰੋਸਾਂ ਤਕ ਸੰਘਰਸ਼ ਨੂੰ ਸੀਮਤ ਰੱਖਣਾ ਚਾਹੁੰਦੇ ਹਨ। ਉਹਨਾਂ ਨੂੰ ਕਾਂਗਰਸ ਪਾਰਟੀ (ਸਰਮਾਏ-ਦਾਰ ਅਤੇ ਸੱਜ-ਪਿਛਾਖੜਾਂ ਦਾ ਸੰਗ੍ਰਹਿ) ਵਿਚ ਹੀ 'ਅਗੇ ਵਧੂ ਅਨਸਰ' ਦਿਖਾਈ ਦੇ ਰਿਹਾ ਹੈ। ਸਾਲ 1974 ਦੇ ਮੁਲਾਜ਼ਮ-ਮਜ਼ਦੂਰ ਲੋਕ ਘੋਲਾਂ ਸਮੇਂ ਸੱਜੇ ਕਮਿਊਨਿਸ਼ਟਾਂ ਦੀ ਮਜ਼ਦੂਰ ਜਥੇਬੰਦੀ ਨੇ ਖੱਬੇ ਪੱਖੀ ਮਜ਼ਦੂਰ ਜਥੇ ਬੰਦੀਆਂ ਨੂੰ ਛੱਡ ਕੇ ਕਾਂਗਰਸ ਦੀ ਇੰਟਕ ਅਤੇ ਸੱਜੇ ਪੱਖੀ ਸੋਸ਼ਲਿਸਟਾਂ ਦੀ ਹਿੰਦ-ਮਜ਼ਦੂਰ ਸਭਾ ਦਾ ਸਾਥ ਦਿੱਤਾ।

ਪਿਛਲੀ, ਸਤਾਰਾਂ ਲੱਖ ਰੇਲ ਕਾਮਿਆਂ ਦੀ ਮਹੱਤਵ-ਪੂਰਨ ਹੜਤਾਲ ਸਮੇਂ ਜਦ 'ਇੰਟਕ' ਆਪਣਾ ਮਜ਼ਦੂਰ ਵਿਰੋਧੀ ਜੱਦੀ ਫਰਜ਼ ਅਦਾ ਕਰ ਰਹੀ ਸੀ, 'ਏਟਕ' ਨੇ ਆਪਣੀ ਪਾਰਟੀ ਦੇ ਅਖਬਾਰਾਂ ਰਾਹੀਂ ਹੜਤਾਲ ਵਿਰੋਧੀ ਸਰਕਾਰੀ ਇਸ਼ਤਿਹਾਰ ਛਾਪ ਕੇ ਸਰਮਾਏਦਾਰੀ ਦੀ ਸੇਵਾ ਕੀਤੀ। ਏਟਕ ਦੇ ਪ੍ਰਧਾਨ ਸ੍ਰੀ ਡਾਂਗੇ ਨੇ ਮਜ਼ਦੂਰ ਵਿਰੋਧੀ ਬਿਆਨ ਦੇ ਕੇ ਹੋਰ ਵੀ ਚੰਦ ਚਾੜ੍ਹਿਆ। 'ਹਾਲਤ ਅਨੁਸਾਰ, ਜੋਨ, (ਰੇਲਵੇ) ਹੜਤਾਲ ਵਾਪਸ ਲੈਣ ਦਾ ਫੈਸਲਾ ਕਰਨ।' ਇਸ ਬਿਆਨ ਦੇ ਨਾਲ ਜਿਸ ਵਿਚ ਰੇਲਵੇ ਮਜ਼ਦੂਰਾਂ ਨੂੰ ਹੜਤਾਲ ਵਾਪਸ ਲੈਣ ਦਾ ਮਸ਼ਵਰਾ ਦਿਤਾ ਗਿਆ ਸੀ। ਇਸ ਨਾਲ ਹੜਤਾਲ ਨੂੰ ਚਲਾਉਣ ਵਾਲੀ ਕੇਂਦਰੀ ਇਕਾਈ ਕਮਜ਼ੋਰ ਪੈ ਗਈ ਅਤੇ ਹੜਤਾਲ ਦੀ ਵਾਪਸੀ (ਬਿਨਾਂ ਸ਼ਰਤ) ਰੇਲ ਕਾਮਿਆਂ ਦੀ ਮਜਬੂਰੀ ਬਣ ਗਈ।

ਜੇਕਰ ਸਾਥੀ ਡਾਂਗੇ ਹੜਤਾਲ ਦੀ ਸਫਲਤਾ ਚਾਹੁੰਦੇ ਹੁੰਦੇ ਅਤੇ ਸਰਮਾਏਦਾਰੀ ਦੇ ਇੰਨੇ ਖੈਰਖਾਹ ਨਾ ਹੁੰਦੇ ਤਾਂ ਏਟਕ ਦੀਆਂ ਸਾਰੀਆਂ ਜਥੇਬੰਦੀਆਂ (ਉਦਾਹਰਣ ਵਜੋਂ ਤਿੰਨੇ ਸਟੀਲ ਪਲਾਂਟਾਂ ਦੇ ਕਰਮਚਾਰੀ ਜੋ ਸਰਕਾਰ

ਦੀ ਸ਼ਾਹ ਰਗ ਹਨ) ਰੇਲ ਕਾਮਿਆਂ ਦੀ ਔਖੀ ਘੜੀ ਸਮੇਂ ਸਾਥ ਦਿੰਦੀਆਂ ।

ਇਸੇ ਤਰ੍ਹਾਂ ਜਨਵਰੀ 1974 ਨੂੰ ਬੀਮਾਂ ਮੁਲਾਜ਼ਮਾਂ ਦੇ ਘੋਲ ਸਮੇਂ ਏਟਕ ਨੇ ਸੱਜ-ਪਿਛਾਖੜਾਂ ਦਾ ਸਾਥ ਦਿਤਾ । ਜਦ ਲਾਈਫ ਇੰਨਸ਼ੋਰੈਂਸ ਕਾਰਪੋਰੇਸ਼ਨ ਦੇ ਪ੍ਰਬੰਧਕਾਂ ਵਲੋਂ ਤਾਲਾ-ਬੰਦੀ, ਧਰਵਾਰ ਡਵੀਜ਼ਨ ਅਤੇ ਦਸ ਹੋਰ ਦਫਤਰਾਂ ਤੱਕ ਫੈਲਾਈ ਗਈ ਤਾਂ ਬੀਮਾਂ ਮੁਲਾਜ਼ਮਾਂ ਦੀ (ਕੰਮ ਰੋਕੂ) ਹੜਤਾਲ ਪੂਰਨ ਹੜਤਾਲ ਦਾ ਰੂਪ ਧਾਰਨ ਕਰ ਗਈ ਸੀ । ਮੈਦਾਨ ਨੂੰ ਭਖਦਿਆਂ ਵੇਖ ਕੇ, ਏਟਕ ਦੀ ਫੈਡਰੇਸ਼ਨ ਇੰਟਕ ਅਤੇ ਹਿੰਦ ਮਜ਼ਦੂਰ ਸਭਾ ਦੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਘੋਲ ਵਾਪਸ ਲੈ ਗਈ । ਅਤੇ ਐਸ. ਐਸ. ਬੈਨਰਜੀ ਦੀਆਂ ਗਿੱਦੜ ਭਬਕੀਆਂ, ਜਿਸ ਨੂੰ ਬੰਬਈ ਦਾ 'ਫਰੀ ਪ੍ਰੈਸ ਜਨਰਲ' 17 ਜਨਵਰੀ 1974 ਨੂੰ ਸਪਸ਼ਟ ਕਰਦਿਆਂ ਲਿਖਦਾ ਹੈ, 'ਧਰਵਾਰ ਡਵੀਜ਼ਨ ਦੀ ਤਾਲਾ-ਬੰਦੀ ਉਸ ਦੇ ਉਪਰੰਤ ਹੋਈ ਜਦ ਐਸ. ਐਸ. ਬੈਨਰਜੀ, ਐਮ. ਪੀ. ਅਤੇ ਆਲ ਇੰਡੀਆ ਇੰਪਲਾਈਜ਼ ਫੈਡਰੇਸ਼ਨ ਦੇ ਨੇਤਾ ਦੀ ਤਾੜਨਾ ਕਿ 'ਜੇਕਰ ਪ੍ਰਬੰਧਕਾਂ ਨੇ ਤਾਲਾ-ਬੰਦੀਆਂ ਵਧਾਉਣ ਦਾ ਫੈਸਲਾ ਲਿਆ ਤਾਂ ਅਸੀਂ ਸਾਰੀਆਂ ਯੂਨੀਅਨਾਂ ਨੂੰ ਅਣਮਿਥੇ ਸਮੇਂ ਲਈ ਹੜਤਾਲ 'ਤੇ ਜਾਣ ਦਾ ਆਦੇਸ਼ ਦੇਣ ਲਈ ਮਜ਼ਬੂਰ ਹੋਵਾਂਗੇ', ਫੋਕੀਆਂ ਫੜਾਂ ਹੀ ਰਹਿ ਗਈਆਂ । ਪਰੰਤੂ ਬੀਮਾਂ ਮੁਲਾਜ਼ਮਾਂ ਨੇ ਹਿੰਮਤ ਨਾ ਹਾਰੀ ਅਤੇ ਆਲ ਇੰਡੀਆ ਇੰਨਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦੀ ਅਗਵਾਈ ਹੇਠ ਅਡੋਲ, ਅੰਤਮ ਜਿੱਤ ਤਕ, ਦੇਸ਼-ਪੱਧਰ ਦਾ ਘੋਲ ਘੁਲਦੇ ਰਹੇ ।

9 ਅਪ੍ਰੈਲ 1974 ਨੂੰ ਪ੍ਰਾਂਤਕ ਸਰਕਾਰਾਂ ਦੇ ਵੀਹ ਲੱਖ ਕਰਮਚਾਰੀਆਂ ਨੇ ਦੇਸ਼-ਪੱਧਰ ਦੀ ਇਕ ਦਿਨ ਦੀ ਜਦ ਹੜਤਾਲ ਕੀਤੀ ਤਾਂ ਏਟਕ ਨੇ ਫਿਰ ਆਪਣੀ (ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ) ਮੁਲਾਜ਼ਮ ਵਿਰੋਧੀ ਕਰਤੂਤ ਵਿਖਾਈ । ਸਾਥੀ ਏ. ਘੋਸ਼ (ਪ੍ਰਧਾਨ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ) ਨੇ ਇਸ ਦੀ ਵਿਆਖਿਆ 'ਇੰਨਸ਼ੋਰੈਂਸ ਵਰਕਰ', ਅਪ੍ਰੈਲ 1974 ਵਿਚ ਇਉਂ ਕੀਤੀ, 'ਹੜਤਾਲ ਦੇ ਪ੍ਰੋਗਰਾਮ ਦੀ ਮਹਾਨਤਾ ਦੇ ਅਨੁਕੂਲ ਹਰ ਪਾਸਿਉਂ ਸਹਾਇਤਾ ਹੋਈ । ਸਿਆਸੀ ਪਾਰਟੀਆਂ ਅਤੇ ਕੇਂਦਰੀ ਟਰੇਡ ਯੂਨੀਅਨ ਜਥੇਬੰਦੀਆਂ ਨੇ ਸੰਘਰਸ਼ ਸਮੇਂ ਸਹਾਇਤਾ ਕੀਤੀ । ਸਿਵਾਏ ਇੱਕਾ ਦੁੱਕਾ ਜਥੇਬੰਦੀਆਂ ਦੇ । ਏਟਕ ਨੇ ਵੀ ਇਸ ਹੜਤਾਲ ਦਾ ਪਿੱਠ ਤੋੜਵਾਂ ਕੋਈ ਖੁੱਲ੍ਹਾ ਬਿਆਨ ਨਾ ਦਿੱਤਾ ।' ਇਹ ਸਾਥੀ ਅਗੇ ਲਿਖਦੇ ਹਨ, 'ਖੱਬੇ ਪੱਖੀ ਮੁਖ ਮੰਤਰੀ ਅਚੂਤਾ ਮੈਨਨ ਦੀ ਕੇਰਲਾ ਸਰਕਾਰ (ਸਾਂਝਾ ਫਰੰਟ) ਨੇ ਲਗ ਪਗ ਸੌ ਤੋਂ ਵੀ ਵਧ ਕੇਸ ਦਰਜ ਕੀਤੇ । ਇਸ ਦੀ ਲਪੇਟ ਵਿਚ ਇਕ ਹਜ਼ਾਰ ਤੋਂ ਵੀ ਵਧ ਮੁਲਾਜ਼ਮ ਆਏ ਜੋ ਦੋ ਹਜ਼ਾਰ ਕਰਮਚਾਰੀਆਂ ਦੀ ਗ੍ਰਿਫ-ਤਾਰੀ ਤੋਂ ਇਲਾਵਾ ਸਨ... ਅਗੇ ਵਧੂ 'ਮਾਡਲ ਸਰਕਾਰ' ਨੇ ਇਨ੍ਹਾਂ ਕੇਸਾਂ ਵਿਚ ਉਲਝੇ ਹੋਏ ਕਰਮਚਾਰੀਆਂ ਨੂੰ ਬਰਖਾਸਤ ਕਰਨ ਦੇ ਆਦੇਸ਼ ਜਾਰੀ ਕੀਤੇ... ਇਥੋਂ ਤਕ ਕਿ ਕਾਨੂੰਨ ਅਨੁਸਾਰ ਬਣਦੇ ਲੋੜੀਂਦੇ ਭੱਤਿਆਂ ਤੋਂ ਵੀ ਉਹਨਾਂ ਨੂੰ ਜਵਾਬ ਮਿਲਿਆ ।' ਪਰ ਪੰਜਾਬ ਵਿਚ ਦਿਲੋਂ ਫੈਡਰੇਸ਼ਨ, ਬੇਨਤੀ ਕਰਨ ਦੇ ਬਾਵਜੂਦ ਵੀ ਚੁੱਪ ਚਾਪ ਤਮਾਸ਼ਾ ਵੇਖਦੀ ਰਹੀ ।

ਦੀਦੀ ਸਾਹਿਬ ! 'ਲੰਬੀ ਦੇ ਵਿਗਿਆਨਕਾਂ' ਨੂੰ ਤੁਹਾਡੇ ਵਲੋਂ ਵਿਛਾਏ ਗਏ ਸ਼ੀਸ਼ੇ ਵਿਚ ਜੋ ਕੁਝ ਵਿਖਾਈ ਦਿਤਾ ਉਹ ਆਪ ਹੀ ਕਹਿ ਚੁਕੇ ਹਨ । ਪਰੰਤੂ ਤੁਹਾਡੇ ਸੋਧਵਾਦ ਤੋਂ ਪੀੜੀ ਹੋਈ ਜੰਤਾ ਨੂੰ ਤੁਹਾਡੀ ਪਾਰਟੀ ਦਾ ਲਾਲ ਝੰਡੇ ਦੇ ਪਰਦੇ ਥੱਲੇ ਮੁਲਾਜ਼ਮ/ਮਜ਼ਦੂਰ ਜਥੇਬੰਦੀਆਂ ਨਾਲ ਪੈਰ ਪੈਰ ਤੇ ਧੋਖਾ ਅਤੇ ਸਰਮਾਏਦਾਰ ਤਾਕਤਾਂ ਨਾਲ ਹੇਜ ਵਿਖਾਈ ਦੇ ਰਿਹਾ ਹੈ ।

ਉਪ੍ਰੋਕਤ ਵਿਚਾਰਾਂ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਲੋਕ-ਵਿਰੋਧੀ ਸ਼ਕਤੀਆਂ ਮਜ਼ਦੂਰ ਲਹਿਰ ਵਿਚ ਵਧੇਰੇ ਹਾਵੀ ਹਨ ਅਤੇ ਲੋਕ ਹਿਤੂ ਜਥੇਬੰਦੀਆਂ ਆਪਸੀ ਫੁੱਟ ਅਤੇ ਸਾਂਝੀ ਇਕਾਈ ਰਹਿਤ ਹੋਣ ਕਰਕੇ ਆਪਣੇ ਹਿਤਾਂ ਦੀ ਰਾਖੀ ਕਰਨ ਦੇ ਯੋਗ ਨਹੀਂ ਹਨ । ਇਸ ਕਰਕੇ ਵਰਤਮਾਨ ਸਮੇਂ ਵਿਚ ਟਰੇਡ ਯੂਨੀਅਨ ਦੇ ਫਰੰਟ 'ਤੇ ਸਾਡੇ ਲਈ ਸਾਂਝੇ ਮੁਹਾਜ਼ ਕਾਇਮ ਕਰਨੇ ਜ਼ਰੂਰੀ ਬਣ ਗਏ ਹਨ । ਸਾਂਝੇ ਫਰੰਟਾਂ ਦੇ ਨਾਲ ਨਾਲ ਮੁਲਾਜ਼ਮ/ਮਜ਼ਦੂਰ ਅਤੇ ਮਿਹਨਤਕਸ਼ ਲੋਕਾਂ ਦੇ ਏਕੇ ਲਈ, ਜਥੇ-ਬੰਦੀਆਂ ਦੀ ਜਮਹੂਰੀ ਬਣਤਰ ਅਤੇ ਵਿਗਿਆਨਕ ਸਾਂਝੀ ਇਕਾਈ ਦੀ ਉਸਾਰੀ ਦੀ ਲੋੜ ਹੈ ।

ਸਾਥੀ ਦੀਦੀ ਦਾ ਸੁਝਾਅ—ਹਰ ਮੁਲਾਜ਼ਮ ਦੀ ਵੋਟ ਨਾਲ ਫੈਸਲਾ ਕਰੀਏ ਕਿ ਉਹ ਕਿਹੜੀ ਫੈਡਰੇਸ਼ਨ ਨੂੰ ਆਪਣਾ ਪ੍ਰਤੀਨਿਧ ਮੰਨਦੇ ਹਨ । ਤਦ ਹੀ ਪ੍ਰਵਾਨਤ ਹੋ ਸਕਦਾ ਹੈ ਜੇਕਰ ਸਾਰੀਆਂ 'ਫੈਡਰੇਸ਼ਨਾਂ' ਵਿਗਿਆਨਕ ਜਮਹੂਰੀ-ਵਜੂਦ ਰਖਦੀਆਂ ਹੋਣ । ਪਰ ਇਸ ਦੇ ਢਾਂਚੇ ਦੀ ਅਣਹੋਂਦ ਕਰਕੇ, ਮੇਰਾ ਸੁਝਾ ਇਹ ਹੈ ਕਿ—ਹਰ ਮੁਲਾਜ਼ਮ ਦੀ ਖੁਫੀਆ ਵੋਟ ਪ੍ਰਨਾਲੀ ਦੁਆਰਾ ਆਰਜ਼ੀ ਤਿੰਨ ਮੈਂਬਰੀ ਕਮੇਟੀ, ਸਥਾਪਤ ਕਰ ਲਈ ਜਾਏ ਜੋ

ਅੰਤਰਮ ਸਮੇਂ ਲਈ ਕੰਮ ਚਲਾਉਣ ਦੇ ਨਾਲ ਨਾਲ ਮਿਥੇ ਸਮੇਂ ਦੇ ਅੰਦਰ ਚੋਣਾਂ ਕਰਵਾ ਕੇ ਵਿਭਾਗੀ ਜਥੇਬੰਦੀਆਂ ਵਿਚ ਏਕਾ ਕਾਇਮ ਕਰੇ ਅਤੇ ਉਹਨਾਂ ਜਥੇਬੰਦੀਆਂ ਨੂੰ ਅਨੁਪਾਤਕ ਨੁਮਾਇੰਦਗੀ ਦੇ ਕੇ 'ਫੈਡਰੇਸ਼ਨ' ਖੜੀ ਕਰੇ।

---

## ਨਕਸਲਬਾੜੀ ਕਾਮਰੇਡਾਂ ਦਾ ਸੋਵੀਅਤ-ਵਿਰੋਧਵਾਦ

ਤਰਸੇਮ ਬਾਹੀਆ

ਅਕਤੂਬਰ ਇਨਕਲਾਬ ਦੀ ਧਰਤੀ, ਸੋਵੀਅਤ ਰੂਸ, ਵਿਰੁੱਧ ਊਜਾਂ ਅਤੇ ਤੁਹਮਤਾਂ ਵਿਚ ਨਕਸਲਬਾੜੀ ਕਾਮਰੇਡ ਸੱਜ-ਪਿਛਾਖੜੀਆਂ ਨਾਲੋਂ ਇਕ ਕਦਮ ਅੱਗੇ ਹਨ। ਹਿੰਦ-ਰੂਸ ਮਿੱਤ੍ਰਤਾ ਸੰਧੀ ਤੋਂ ਬਾਅਦ ਜਨਸੰਘ ਅਤੇ ਹੋਰ ਸੱਜ-ਪਿਛਾਖੜ ਪਾਰਟੀਆਂ ਤਾਂ ਕਹਿ ਰਹੀਆਂ ਹਨ ਕਿ ਭਾਰਤ ਦੀ 'ਨਿਰਪੱਖ' ਅਤੇ ਗੈਰਨਿਰਲੇਪ ਨੀਤੀ ਨੂੰ ਖਤਰਾ ਪੈਦਾ ਹੋ ਗਿਆ ਹੈ, ਕਿ ਭਾਰਤ ਰੂਸ ਦੇ ਪ੍ਰਭਾਵ ਹੇਠ ਚਲਿਆ ਗਿਆ ਹੈ। ਪਰ ਨਕਸਲਬਾੜੀ ਕਾਮਰੇਡ ਇਸ ਤੋਂ ਵੀ ਅੱਗੇ ਵਧ ਕੇ ਆਖਦੇ ਹਨ ਕਿ ਰੂਸ ਭਾਰਤ ਨੂੰ ਲੁੱਟ ਰਿਹਾ ਹੈ, ਕਿ ਇੰਦਰਾ ਨੇ ਭਾਰਤ ਨੂੰ ਰੂਸ ਕੋਲ ਗਹਿਣੇ ਰੱਖ ਦਿੱਤਾ ਹੈ। ਆਓ ਵੇਖੀਏ ਕਿ ਨਕਸਬਾੜੀ ਕਾਮਰੇਡਾਂ ਦੇ ਇਸ ਸੋਵੀਅਤ ਵਿਰੋਧਵਾਦ ਦਾ ਆਧਾਰ ਕੀ ਹੈ?

ਨਕਸਲਬਾੜੀ ਕਾਮਰੇਡ ਇਸ ਮਨੌਤ ਤੋਂ ਤੁਰਦੇ ਹਨ ਕਿ ਰੂਸ ਵਿਚ ਪੂੰਜੀਵਾਦ ਦੀ 'ਮੁੜ-ਬਹਾਲੀ' ਹੋ ਗਈ ਹੈ, ਪਾਰਟੀ ਵਿਚ ਸੋਧਵਾਦ ਭਾਰੀ ਹੋ ਜਾਣ ਨਾਲ ਰੂਸ ਵਿਚ 'ਸਮਾਜਕ-ਸਾਮਰਾਜੀਆਂ' ਨੇ ਸੱਤਾ ਤੇ ਕਬਜ਼ਾ ਕਰ ਲਿਆ ਹੈ, ਉਹਨਾਂ ਨੇ ਉਥੇ ਇਕ 'ਫਾਸ਼ੀ ਡਿਕਟੇਟਰਸ਼ਿਪ' ਕਾਇਮ ਕਰ ਲਈ ਹੈ ਅਤੇ ਇਹ 'ਫਾਸ਼ੀ ਡਿਕਟੇਟਰਸ਼ਿਪ' ਨੇ ਸੰਸਾਰ ਦੀਆਂ ਹੋਰ ਕੌਮਾਂ ਨੂੰ ਲੁੱਟਣ ਅਤੇ ਦਬਾਉਣ ਲਈ ਅਮਰੀਕੀ ਸਾਮਰਾਜੀਆਂ ਨਾਲ ਆਢਾ-ਸਾਂਢਾ ਕਰ ਲਿਆ ਹੈ। ਇਹ ਸਾਰੀ ਦਲੀਲ ਬਾਜ਼ੀ ਨੂੰ ਠੀਕ ਸਿੱਧ ਕਰਨ ਲਈ ਉਹ ਕੀ ਸਬੂਤ ਦਿੰਦੇ ਹਨ। ਸਬੂਤ ਇਹ ਹੈ ਕਿ ਰੂਸ ਵਿਚ ਕੁਝ ਚੋਰਾਂ ਅਤੇ ਬਲੈਕੀਆਂ ਨੂੰ ਫੜਿਆ ਗਿਆ ਹੈ ਅਤੇ ਉਹਨਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਹਨ। ਪਰ ਇਹ ਗੱਲ ਪੂੰਜੀਵਾਦ ਦੀ ਮੁੜ-ਬਹਾਲੀ ਦੀ ਨਿਸ਼ਾਨੀ ਕਿਵੇਂ ਹੈ? ਪੂੰਜੀਵਾਦ ਉਸ ਅਰਥਚਾਰੇ ਅਤੇ ਸਮਾਜ ਦਾ ਨਾਮ ਹੈ ਜਿਸ ਵਿਚ ਨਿੱਜੀ ਪੂੰਜੀ ਲਾਕੇ ਨਿੱਜੀ ਮੁਨਾਫ਼ਾ ਕਮਾਇਆ ਜਾਂਦਾ ਹੈ ਅਤੇ ਮਜ਼ਦੂਰ ਦੀ ਲੁੱਟ ਕੀਤੀ ਜਾਂਦੀ ਹੈ। ਕੀ ਰੂਸ ਵਿਚ ਇਕ ਵੀ ਸਾਂਝਾ ਕਾਰਖਾਨਾ ਜਾਂ ਸਾਂਝਾ ਫਾਰਮ ਨਿੱਜੀ ਜਾਇਦਾਦ ਵਿਚ ਬਦਲਿਆ ਗਿਆ ਹੈ? ਕੀ ਪੂੰਜੀ ਲਾਕੇ ਵਾਫਰ ਕਦਰ ਪੈਦਾ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ? ਨਕਸਲਬਾੜੀ ਕਾਮਰੇਡ ਹਰ ਵੇਲੇ ਇਹ ਕਹਿੰਦੇ ਰਹਿੰਦੇ ਹਨ ਕਿ ਰਾਜ ਸੱਤਾ ਬੰਦੂਕ ਦੀ ਨਾਲੀ ਵਿਚੋਂ ਪੈਦਾ ਹੁੰਦੀ ਹੈ। ਜੇ ਰੂਸ ਵਿਚ ਪੂੰਜੀਵਾਦ ਦੀ ਮੁੜ ਬਹਾਲੀ ਹੋ ਗਈ, ਅਰਥਾਤ ਰਾਜ ਸੱਤਾ ਉਤੇ ਬੁਰਜਵਾਜ਼ੀ ਕਾਬਜ਼ ਹੋ ਗਈ ਤਾਂ ਕੀ ਨਕਸਲਬਾੜੀ ਦੱਸਣਗੇ ਕਿ ਮਜ਼ਦੂਰ ਜਮਾਤ ਨੇ 40 ਸਾਲ ਬਾਅਦ ਆਪਣੀ ਰਾਜ-ਸੱਤਾ ਬੁਰਜਵਾਜ਼ੀ ਨੂੰ ਕਿਵੇਂ ਤੇ ਕਦੋਂ ਸੌਂਪ ਦਿੱਤੀ? ਕੀ ਨਕਸਲਬਾੜੀ ਕਾਮਰੇਡ ਕਿਸੇ ਵੀ ਖਾਨਾ ਜੰਗੀ ਦਾ ਸਬੂਤ ਦੇ ਸਕਦੇ ਹਨ ਜਾਂ ਉਹ ਸਮਝਦੇ ਹਨ ਕਿ ਅਕਤੂਬਰ ਇਨਕਲਾਬ ਦੀ ਜਨਮ ਦਾਤਾ ਮਜ਼ਦੂਰ ਐਨੀ ਭੋਲੀ ਅਤੇ ਕੂਲੀ ਸੀ ਕਿ ਉਹ ਰਾਜ ਸੱਤਾ ਛੱਡ ਕੇ ਆਪ ਹੀ ਪਾਸੇ ਹੋ ਗਈ?

ਰੂਸ ਵਿਚ ਪੂੰਜੀਵਾਦ ਦੀ ਬਹਾਲੀ ਦਾ ਮਾਓਵਾਦੀ ਇਕ ਹੋਰ ਸਬੂਤ ਇਹ ਦਿੰਦੇ ਹਨ ਕਿ ਉਥੇ ਜੀਵਨ ਦੇ ਮਿਆਰ ਉੱਚੇ ਹੁੰਦੇ ਜਾ ਰਹੇ ਹਨ, ਕਿ ਉਥੇ ਪਦਾਰਥਕ ਪਰੇਰਕ ਬਹੁਤ ਮਹੱਤਵ ਪੂਰਨ ਰੋਲ ਅਦਾ ਕਰ ਰਹੇ ਹਨ। ਮਾਓਵਾਦੀਆਂ ਦੀ ਸੋਚ ਅਨੁਸਾਰ ਸੋਵੀਅਤ ਯੂਨੀਅਨ ਤਾਂ ਇਕ ਇਨਕਲਾਬੀ ਦੇਸ਼ ਹੋ ਸਕਦਾ ਹੈ ਜੇ ਉਹ ਆਪਣੇ ਲੋਕਾਂ ਨੂੰ ਗਰੀਬ ਰੱਖੇ। ਪਰ ਮਜ਼ਦੂਰ ਜਮਾਤ ਦੇ ਸੱਤਾ 'ਚ ਆਉਣ ਤੋਂ ਪੰਜਾਹ ਸਾਲ ਬਾਅਦ ਵੀ ਜੇ ਲੋਕ ਗਰੀਬ ਹੋਣ ਤਾਂ ਇਹ ਕੈਸਾ ਸਮਾਜਵਾਦ ਹੋਵੇਗਾ, ਅਤੇ ਲੋਕਾਂ ਲਈ ਇਸ ਦੀ ਕੀ ਖਿੱਚ ਹੋਵੇਗੀ? ਅਜੇਹੇ ਸਮਾਜਵਾਦ ਤੋਂ ਲੋਕ ਤੋਬਾ ਨਹੀਂ ਕਰਨਗੇ? ਇਸ ਤੋਂ ਬਿਨਾਂ ਜੇ ਉਸ ਦੇ ਆਪਣੇ ਲੋਕ ਗਰੀਬੀ ਦੀ ਕੰਧੀ ਤੇ ਖੜੇ ਹੋਣ ਤੇ ਉਸ ਦੇ ਆਪਣੇ ਅਰਥਚਾਰੇ ਦੇ ਪੈਰ ਲੜ ਖੜਾ ਰਹੇ ਹੋਣ ਤਾਂ ਸੋਵੀਅਤ ਯੂਨੀਅਨ ਸਾਮਰਾਜਵਾਦ ਵਿਰੁੱਧ ਜੂਝ ਰਹੇ ਲੋਕਾਂ ਅਤੇ ਕੌਮਾਂ ਦੀ ਕੀ ਪਦਾਰਥਕ ਅਤੇ ਫੌਜੀ ਮਦਦ ਕਰ ਸਕੇਗਾ? ਸੰਸਾਰ ਇਨਕਲਾਬ ਦੀ ਸਹਾਇਤਾ ਲਈ ਅਤੇ ਸੰਸਾਰ ਸਥਿਤੀ ਉਤੇ ਵੱਧ ਤੋਂ ਵੱਧ ਅਸਰ ਪਾਉਣ ਲਈ ਸੋਵੀਅਤ ਯੂਨੀਅਨ ਲਈ ਜ਼ਰੂਰੀ ਹੈ ਕਿ ਉਹ ਆਰਥਕ ਦੌੜ ਵਿਚ ਅਤੇ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਵਿਚ ਵੀ ਸਾਮਰਾਜੀ ਮੁਲਕਾਂ ਨਾਲੋਂ ਅੱਗੇ ਰਹੇ। ਅਤੇ ਸਭ ਤੋਂ ਮਹੱਤਵ ਪੂਰਨ ਸ਼ਕਤੀ ਮਨੁੱਖ ਆਪ ਹੈ ਜੁ ਸਾਰੀ ਧਨ ਦੌਲਤ ਦਾ ਰਚਨਹਾਰਾ ਹੈ। ਇਸ ਲਈ ਭੁੱਖੀ ਨੰਗੀ ਜਨਤਾ ਦੇ ਹੁੰਦਿਆਂ ਤੇਜ਼ ਰਫ਼ਤਾਰ ਆਰਥਕ ਤਰੱਕੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਜਿਥੋਂ ਤੱਕ ਪਦਾਰਥਕ ਪਰੇਰਕਾਂ ਦਾ ਸਵਾਲ ਹੈ, ਮਾਓਵਾਦੀਏ ਇਹ ਦੱਸਣ ਤੋਂ ਸੰਕੋਚ ਕਰਦੇ ਹਨ ਕਿ ਉਥੇ ਪਦਾਰਥਕ ਅਤੇ ਨੈਤਿਕ ਪ੍ਰੇਰਕ ਘੁਲੇ ਮਿਲੇ ਹਨ। ਉਹ ਇਹ ਵੀ ਦੱਸਣ ਤੋਂ ਸੰਕੋਚ ਕਰਦੇ ਹਨ ਕਿ ਜਿਸ ਸਮੇਂ ਵਿਚ ਉਹ ਪੂੰਜੀਵਾਦ ਦੀ 'ਮੁੜ-ਬਹਾਲੀ' ਦੀ ਗੱਲ ਕਰਦੇ ਹਨ ਐਨ ਉਸੇ ਸਮੇਂ ਵਿਚ ਰੂਸ ਵਿਚ ਥਲੜੀਆਂ ਅਤੇ ਉਪਰਲੀਆਂ ਤਨਖਾਹਾਂ ਵਾਲਿਆਂ ਵਿਚ ਪਾੜਾ ਘਟਿਆ ਹੈ। ਹੁਣ ਰੂਸ ਵਿਚ ਪਹਿਲਾਂ ਕਿਸੇ ਵੀ ਸਮੇਂ ਨਾਲੋਂ ਵੱਧ ਸਮਾਨਤਾ ਹੈ। ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸੋਵੀਅਤ ਯੂਨੀਅਨ ਕਮਿਊਨਿਜ਼ਮ ਦੇ ਪਹਿਲੇ ਪੜਾਅ ਬਾਕੀ 'ਸਮਾਜਵਾਦ ਦੇ ਪੜਾਅ ਤੇ ਹੈ। ਮਾਰਕਸ, ਐਂਗਲਜ਼ ਅਤੇ ਲੈਨਿਨ ਨੇ ਸਾਫ਼ ਦੱਸਿਆ ਹੈ ਕਿ ਇਸ ਸਾਰੇ ਦੌਰ ਵਿਚ ਪਦਾਰਥਕ ਪ੍ਰੇਰਕ ਉਘਾ ਰੋਲ ਅਦਾ ਕਰਦੇ ਹਨ। ਇਸ ਸਾਰੇ ਦੌਰ ਵਿਚ ਨਾਅਰਾ ਹੋਵੇਗਾ—ਹਰ ਇਕ ਤੋਂ ਉਸ ਦੀ ਸਮਰਥਾ ਅਨੁਸਾਰ ਅਤੇ ਹਰ ਇਕ ਨੂੰ ਉਹਦੇ ਕੰਮ ਅਨੁਸਾਰ ਜਦੋਂ ਸਮਾਜ ਵਿਚ ਪਦਾਰਥਾਂ ਦੀ ਵਿਆਪਕ ਬਹੁਲਤਾ ਹੋ ਜਾਵੇਗੀ ਅਤੇ ਜਦੋਂ ਕੰਮ ਬੰਦੇ ਦੀ ਮੁੱਖ ਲੋੜ ਬਣ ਜਾਵੇਗਾ ਤਾਂ ਹੀ ਸਮਾਜ ਆਪਣੇ ਝੰਡੇ ਉਤੇ ਦੂਸਰੇ ਦੌਰ ਦਾ ਨਾਅਰਾ—ਹਰ ਇਕ ਤੋਂ ਉਸ ਦੀ ਸਮਰਥਾ ਅਨੁਸਾਰ, ਹਰ ਇਕ ਨੂੰ ਉਸ ਦੀ ਲੋੜ ਅਨੁਸਾਰ ਲਿਖ ਸਕੇਗਾ। ਰਾਜ ਸੱਤਾ ਜਿੱਤਣ ਤੋਂ ਪਹਿਲਾਂ ਜਾਂ ਪਿਛੋਂ ਪੜਾਵਾਂ ਦੇ ਛੜੱਪੇ ਮਾਰਨੇ ਬੜੇ ਖ਼ਤਰਨਾਕ ਹੁੰਦੇ ਹਨ।

ਇਥੇ ਆ ਕੇ ਮਾਓਵਾਦੀ ਇਕ ਹੋਰ ਦਲੀਲ ਦਿੰਦੇ ਹਨ। ਉਹ ਪੁਛਦੇ ਹਨ ਸੋਵੀਅਤ ਯੂਨੀਅਨ ਵਿਚ ਸਭਿਆਚਾਰ ਇਨਕਲਾਬ ਕਦੋਂ ਹੋਇਆ ਹੈ? ਸੱਭਿਆਚਾਰਕ ਇਨਕਲਾਬ ਤੋਂ ਬਿਨਾਂ ਅਫਸਰਸ਼ਾਹੀ ਵਿਰੁੱਧ ਕਿਵੇਂ ਲੜਿਆ ਜਾ ਸਕਦਾ ਹੈ? ਅਤੇ ਪਰੋਲਤਾਰੀ ਵਿਚਾਰਧਾਰਾ ਦਾ ਬੋਲ-ਬਾਲਾ ਕਿਵੇਂ ਹੋ ਸਕਦਾ ਹੈ? ਇਸ ਸਮਸਿਆ ਦੀ ਚਰਚਾ ਮਹਾਨ ਲੈਨਿਨ ਨੇ ਹੀ ਕੀਤੀ ਸੀ। ਉਹਨਾਂ ਨੇ ਸਪਸ਼ਟ ਕੀਤਾ ਸੀ ਕਿ ਸਭਿਆਚਾਰਕ ਇਨਕਲਾਬ ਤੋਂ ਬਿਨਾਂ ਸਮਾਜਵਾਦੀ ਇਨਕਲਾਬ ਅੱਗੇ ਨਹੀਂ ਵਧ ਸਕੇਗਾ। ਪਰ ਉਹਨਾਂ ਦਾ ਸਭਿਆਚਾਰਕ ਤੋਂ ਕੀ ਭਾਵ ਸੀ। ਉਹਨਾਂ ਦਾ ਭਾਵ ਸੀ ਅਨਪੜ੍ਹਤਾ ਨੂੰ ਹੂੰਝਾ ਫੇਰਨਾ, ਕੰਮ ਦੀਆਂ ਉਹਨਾਂ ਅਨ-ਮਨੁੱਖੀ ਹਾਲਤਾਂ ਦਾ ਖਾਤਮਾ ਕਰਨਾ ਜਿਹਨਾਂ ਨੇ ਮਿਹਨਤਕਸ਼ ਜਨਤਾ ਦਾ ਕਚੂਮਰ ਕੱਢ ਰਖਿਆ ਹੈ ਅਤੇ ਤੇਜ਼ੀ ਨਾਲ ਗਿਆਨ ਅਤੇ ਵਿਗਿਆਨ ਨੂੰ ਮਜ਼ਦੂਰ ਜਮਾਤ ਤੱਕ ਪਹੁੰਚਦਾ ਕਰਨਾ ਤਾਂ ਜੁ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਜਨਤਾ ਦੇ ਵਿਚੋਂ ਹੀ ਇਕ ਬੁਧੀਮਾਨ ਤਬਕਾ ਪੈਦਾ ਹੋ ਸਕੇ ਜੋ ਰਾਜ ਭਾਗ ਅਤੇ ਅਰਥਚਾਰੇ ਵਿਚ ਆਪਣਾ ਯੋਗ ਸਥਾਨ ਲੈ ਸਕੇ। ਇਸ ਪਹੁੰਚ ਉਤੇ ਅਮਲ ਕਰਕੇ ਹੀ ਸੋਵੀਅਤ ਯੂਨੀਅਨ ਵਿਚ ਸੱਭਿਆਚਾਰਕ ਇਨਕਲਾਬ ਹੋਇਆ ਹੈ। ਇਤਿਹਾਸ ਵਿਚ ਪਹਿਲੀ ਵੇਰ ਉਥੋਂ ਦੇ ਦੱਬੇ-ਕੁਚਲੇ ਅਤੇ ਲੁੱਟੇ-ਪੁੱਟੇ ਲੋਕ ਆਪਣੇ ਅਰਥਚਾਰੇ ਅਤੇ ਰਾਜ-ਸੱਤਾ ਦੇ ਹੀ ਨਹੀਂ ਸਗੋਂ ਸਭਿਆਚਾਰਕ ਦੇ ਵੀ ਮਾਲਕ ਬਣ ਗਏ ਹਨ। ਅਤੇ ਚੀਨ ਦੇ ਲਾਲ ਰਾਖਿਆਂ ਨੇ ਮੰਨੇ-ਪਰਮੰਨੇ ਪ੍ਰੋਫੈਸਰਾਂ, ਉਪ-ਕੁਲਪਤੀਆਂ, ਲੇਖਕਾਂ ਅਤੇ ਸਾਇੰਸਦਾਨਾਂ ਦੇ ਮੂੰਹਾਂ ਉਤੇ ਥੁੱਕ ਕੇ, ਕੁਝ ਨੂੰ ਤਸੀਹਿਆਂ ਨਾਲ ਮਾਰ ਕੇ ਆਪਣੇ ਸਾਥੀਆਂ ਦੀ ਰਾਖੀ ਕਰਦਿਆਂ ਮਜ਼ਦੂਰਾਂ ਨੂੰ ਗੋਲੀ ਨਾਲ ਭੁੰਨ ਕੇ, ਇਨਕਲਾਬ ਦੇ ਮੋਢੀਆਂ ਨੂੰ ਬੇ-ਇਜ਼ਤ ਕਰਕੇ, ਪਾਰਟੀ ਇਕਾਈਆਂ ਅਤੇ ਮਜ਼ਦੂਰ ਜਥੇਬੰਦੀਆਂ ਨੂੰ ਖੇਰੂੰ ਖੇਰੂੰ ਕਰਕੇ ਅਤੇ ਮਾਓ-ਭਗਤੀ ਨੂੰ ਧਾਰਮਕ ਜਨੂੰਨ ਦੀ ਹੱਦ ਤੱਕ ਉਭਾਰ ਕੇ ਜੁ ਚੀਨ ਵਿਚ ਕੀਤਾ ਹੈ ਉਹ ਕਿਸੇ ਤਰ੍ਹਾਂ ਵੀ ਸਭਿਆਚਾਰਕ ਇਨਕਲਾਬ ਨਹੀਂ।

ਅਤੇ ਅਫਸਰਸ਼ਾਹੀ ਵਿਰੁਧ ਘੋਲ ਲੈਨਿਨ ਦੇ ਸਮੇਂ ਤੋਂ ਹੀ ਉਥੇ ਲਗਾਤਾਰ ਚਲ ਰਿਹਾ ਹੈ। ਅਫਸਰਸ਼ਾਹੀ ਨੂੰ ਨਸੀਹਤਾਂ, ਨਾਅਰਿਆਂ ਜਾਂ ਜਿਸਮਾਨੀ ਹਮਲਿਆਂ ਰਾਹੀਂ ਨਹੀਂ ਖਦੇੜਿਆ ਜਾ ਸਕਦਾ। ਇਸ ਲਈ ਸਭ ਤੋਂ ਮਹੱਤਵ ਪੂਰਨ ਗੱਲ ਇਹ ਹੈ ਕਿ ਤੇਜ਼ ਆਰਥਕ ਵਿਕਾਸ ਕੀਤਾ ਜਾਵੇ, ਲੋਕਾਂ ਦੀ ਸੂਝ ਬੂਝ ਅਤੇ ਗਿਆਨ ਦਾ ਪੱਧਰ ਉੱਚਾ ਚੁਕਿਆ ਜਾਵੇ ਅਤੇ ਰਾਜ ਪ੍ਰਬੰਧ ਅਤੇ ਅਰਥਚਾਰੇ ਨੂੰ ਚਲਾਉਣ ਵਿਚ ਉਹਨਾਂ ਦੀ ਵਧਦੀ ਹੋਈ ਸਮੂਲੀਅਤ ਯਕੀਨੀ ਬਣਾਈ ਜਾਵੇ। ਸਮਾਜਵਾਦੀ ਜਮਹੂਰੀਅਤ ਦਾ ਵਿਕਾਸ ਹੀ ਅਫਸਰਸ਼ਾਹੀ ਵਿਰੁਧ ਲੜਾਈ ਦਾ ਆਧਾਰ ਬਣ ਸਕਦਾ ਹੈ। ਅਤੇ ਇਨ੍ਹਾਂ ਅਸੂਲਾਂ ਅਨੁਸਾਰ ਹੀ ਰੂਸ ਵਿਚ ਅਫਸਰਸ਼ਾਹੀ ਵਿਰੁਧ ਘੋਲ ਚਲ ਰਿਹਾ ਹੈ।

ਆਓ ਹੁਣ ਮਾਓਵਾਦੀਆਂ ਦੇ ਇਸ ਦੂਸ਼ਨ ਨੂੰ ਲਈਏ ਕਿ ਰੂਸ ਸੰਸਾਰ ਇਨਕਲਾਬ ਨੂੰ ਦਗ਼ਾ ਦੇ ਗਿਆ ਹੈ, ਕਿ ਉਹ ਹੁਣ ਹਾਲਾਤ ਨੂੰ ਐਸੀ-ਕੀ-ਤੈਸੀ ਬਣਾਈ ਰੱਖਣ ਵਿਚ ਦਿਲਚਸਪੀ ਰਖਦਾ ਹੈ ਅਤੇ ਕੌਮੀ-ਮੁਕਤੀ ਲਹਿਰਾਂ ਨੂੰ ਪਿੱਠ ਦੇ ਗਿਆ ਹੈ। ਨਕਸਲਬਾੜੀ ਕਾਮਰੇਡ ਇਸ ਗਲ ਨਾਲ ਸਹਿਮਤ ਹੋਣਗੇ ਕਿ ਵੀਅਤਨਾਮੀ ਯੋਧੇ, ਪਿਛਲੇ ਸਮੇਂ ਵਿਚ ਅਤੇ ਹੁਣ ਵੀ, ਸਾਮਰਾਜ ਵਿਰੁਧ ਚਲ

ਰਹੀ ਲੜਾਈ ਦੀਆਂ ਮੂਹਰਲੀਆਂ ਸਫ਼ਾਂ ਵਿਚ ਹਨ ਅਤੇ ਉਹਨਾਂ ਦੀ ਜਦੋ-ਜਹਿਦ ਸਟ੍ਰੇਟਸ-ਕੋ ਨੂੰ ਭੰਨ ਕੇ ਸੰਸਾਰ ਸਥਿਤੀ ਨੂੰ ਸੰਸਾਰ ਇਨਕਲਾਬ ਦੇ ਪੱਖ ਵਿਚ ਕਰਨ ਲਈ ਫੈਸਲਾਕੁਨ ਰੋਲ ਅਦਾ ਕਰ ਰਹੀ ਹੈ। ਇਸ ਲਈ ਵੀਅਤਨਾਮ ਦੀ ਵਰਕਿੰਗ ਪੀਪਲਜ਼ ਪਾਰਟੀ ਦੇ ਪਹਿਲੇ ਸਕੱਤਰ ਸਾਥੀ ਲੇ ਦੁਆਨ ਦੀ ਗਵਾਹੀ ਮਾਓਵਾਦੀਆਂ ਦੇ ਖਿਲਾਫ ਪੇਸ਼ ਹੈ। ਰੂਸੀ ਕਮਿਊਨਿਸਟ ਪਾਰਟੀ ਦੀ 23ਵੀਂ ਕਾਂਗਰਸ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ, 'ਲੈਨਿਨ ਦੀ ਸ਼ਾਨਦਾਰ ਪਾਰਟੀ ਦੀ ਅਗਵਾਈ ਵਿਚ ਸੋਵੀਅਤ ਲੋਕ ਇਕ ਨਵੇਂ ਸਮਾਜ ਦੀ ਉਸਾਰੀ ਲਈ ਇਨਕਲਾਬੀ ਸੂਰਮਗਤੀ ਅਤੇ ਪਰੋਲਤਾਰੀ ਕੌਮਾਂਤ੍ਰੀ-ਵਾਦ ਦਾ ਲਗਾਤਾਰ ਮੁਜ਼ਾਹਰਾ ਕਰ ਰਹੇ ਹਨ ਅਤੇ ਮਜ਼ਦੂਰ ਜਮਾਤ ਅਤੇ ਸਾਰੇ ਕਾਮੇ ਅਤੇ ਦੱਬੇ-ਕੁਚਲੇ ਲੋਕਾਂ ਦੀ ਸ਼ਕਤੀ ਵਿਚ ਭਰਪੂਰ ਹਿੱਸਾ ਪਾ ਰਹੇ ਹਨ। ਅਸੀਂ ਇਸ ਮੌਕੇ ਉਤੇ ਕਮਿਊਨਿਸਟ ਪਾਰਟੀ, ਸਰਕਾਰ ਅਤੇ ਮਹਾਨ ਸੋਵੀਅਤ ਲੋਕਾਂ ਦਾ ਉਸ ਭਰਪੂਰ ਅਤੇ ਬਹੁ-ਪੱਖੀ ਸਹਾਇਤਾ ਲਈ ਡੂੰਘਾ ਧਨਵਾਦ ਕਰਦੇ ਹਾਂ ਜੋ ਉਹਨਾਂ ਨੇ ਸਾਡੇ ਵੀਅਤਨਾਮੀ ਲੋਕਾਂ ਦੀ ਜਦੋਜਹਿਦ ਨੂੰ ਦਿਤੀ ਹੈ। ਸਾਡੇ ਵੀਅਤਨਾਮੀ ਕਮਿਊਨਿਸਟਾਂ ਦੀਆਂ ਦੋ ਮਾਤ-ਭੂਮੀਆਂ ਹਨ, ਵੀਅਤਨਾਮ ਅਤੇ ਸੋਵੀਅਤ ਯੂਨੀਅਨ, ਜਿਥੇ ਪਹਿਲਾ ਸੋਸ਼ਲਿਸਟ ਇਨਕਲਾਬ ਜੇਤੂ ਹੋਇਆ। ... ਇਹ ਆਖਿਆ ਜਾ ਸਕਦਾ ਹੈ ਕਿ ਸਾਡੀ ਹਰ ਇਕ ਜਿੱਤ ਵਿਚ ਲਾਲ ਫੌਜ ਦੇ ਖੂਨ ਦੇ ਟੇਪੇ ਹਨ। ਉਹਨਾਂ ਨੇ 25ਵੀਂ ਕਾਂਗਰਸ ਵਿਚ ਵੀ ਅਜੇਹੇ ਜਜ਼ਬਾਤ ਹੀ ਪ੍ਰਗਟਾਏ ਸਨ। ਨਕਸਲਬਾੜੀ ਕਾਮਰੇਡਾਂ ਨੂੰ ਸਾਮਰਾਜ ਵਿਰੋਧੀ ਲੜਾਈ ਦੇ ਇਕ ਹੋਰ ਸੂਰਮੇ, ਕਿਊਬਾ ਦੇ ਫੀਦਲ ਕਾਸਤਰੋ, ਦੀ ਨੀਯਤ ਅਤੇ ਇਨਕਲਾਬੀ ਖਾਸੇ ਉਤੇ ਕੋਈ ਕਿੰਤੂ ਨਹੀਂ ਹੋਵੇਗਾ। ਉਹਨਾਂ ਦੀ ਰਾਏ ਵੀ ਪੇਸ਼ ਹੈ। ਅਪਰੈਲ 1970 ਵਿਚ ਰੂਸ ਵਿਰੁਧ ਚੀਨੀ ਊਜਾਂ ਦਾ ਮੂੰਹ ਭੰਨਦੇ ਹੋਏ ਉਹਨਾਂ ਨੇ ਐਲਾਨ ਕੀਤਾ ਸੀ : "The existence of the Soviet State is objectively one of the most extraordinary privileges of the revolutionary movement!

ਨਕਸਲਬਾੜੀ ਕਾਮਰੇਡ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਕਿਸੇ ਵੀ ਸਾਮਰਾਜ-ਵਿਰੋਧੀ ਇਨਕਲਾਬੀ ਨੂੰ ਪੁੱਛ ਵੇਖਣ ਕਿ ਉਸ ਦੀ ਲਹਿਰ ਨੂੰ ਹਥਿਆਰ, ਸਿਖਲਾਈ ਤੇ ਹੋਰ ਸਹਾਇਤਾ ਕਿਥੋਂ ਮਿਲੀ ਹੈ? ਯਕੀਨਨ ਹੀ ਸੋਵੀਅਤ ਰੂਸ ਉਹਨਾਂ ਦੀ ਲਿਸਟ ਦੀ ਚੋਟੀ ਤੇ ਹੋਵੇਗਾ। ਇਸ ਦੇ ਨਾਲ ਹੀ ਉਹ ਸੂਡਾਨ, ਬੰਗਲਾ ਦੇਸ਼ ਅਤੇ ਚਿਲੀ ਦੇ ਸਾਮਰਾਜ-ਵਿਰੋਧੀ ਆਗੂਆਂ ਨੂੰ ਪੁੱਛ ਵੇਖਣ ਕਿ ਉਹਨਾਂ ਦੀਆਂ ਲਹਿਰਾਂ ਦੇ ਪਿੱਠ ਵਿਚ ਛੁਰਾ ਕਿਸ ਨੇ ਮਾਰਿਆ। ਮਾਓਵਾਦੀ ਚੀਨ ਨੇ ਜਾਂ ਲੈਨਿਨਵਾਦੀ ਰੂਸ ਨੇ?

ਨਕਸਲਬਾੜੀਆਂ ਦੀ ਅੰਤਮ ਊਜ ਇਹ ਹੈ ਕਿ ਰੂਸ ਨੇ ਭਾਰਤ ਦੀ ਸਰਮਾਏਦਾਰੀ ਸਰਕਾਰ ਨਾਲ ਦੋਸਤਾਨਾ ਸੰਬੰਧ ਜੋੜ ਕੇ ਭਾਰਤ ਦੇ ਇਨਕਲਾਬ ਨੂੰ ਪਿਠ ਦਿਤੀ ਹੈ ਅਤੇ ਅਮਰੀਕਾ ਨਾਲ ਮਿਲ ਕੇ ਭਾਰਤ ਦੀ ਲੁੱਟ ਕੀਤੀ ਹੈ। ਇਹਨਾਂ ਦੀ ਛਾਣਬੀਣ ਆਪਾਂ ਅਗਲੇ ਲੇਖ ਵਿਚ ਕਰਾਂਗੇ। (ਚਲਦਾ)

# ਸਮਾਜਕ ਸਾਮਰਾਜ ਅਤੇ ਭਾਰਤ-ਰੂਸ ਆਰਥਿਕ ਸਬੰਧਾਂ ਬਾਰੇ*

**ਸੁੱਚਾ ਸਿੰਘ ਗਿੱਲ**

'ਸਰਦਲ' ਵਿਚ 'ਕੀ ਰੂਸ ਸਮਾਜਕ ਸਾਮਰਾਜ ਹੈ?'[1] ਦੇ ਸਿਰਲੇਖ ਹੇਠ ਸ੍ਰੀ ਵੇਦ ਪ੍ਰਕਾਸ਼ ਗੁਪਤਾ ਨੇ ਰੂਸ ਦੇ ਵਿਦੇਸ਼ੀ ਆਰਥਿਕ ਸਬੰਧਾਂ ਤੋਂ ਰੂਸ ਨੂੰ ਸਮਾਜਕ ਸਾਮਰਾਜ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਪਤਾ ਅਨੁਸਾਰ 'ਰੂਸੀ ਸਮਾਜਿਕ ਸਾਮਰਾਜੀਏ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਪਛੜੇ ਦੇਸ਼ਾਂ ਦੀ ਅਮਰੀਕਨ ਸਾਮਰਾਜ ਨਾਲ ਮਿਲ ਕੇ ਲੁੱਟ ਵਿਚ ਪੂਰਾ ਹਿੱਸਾ ਪਾ ਰਹੇ ਹਨ।' ਇਸ ਸਬੰਧ ਵਿਚ ਇਸ ਲੇਖ ਦੇ ਪਹਿਲੇ ਹਿੱਸੇ ਵਿਚ ਅਸੀਂ ਸਿੱਧਾਂਤਕ ਤੌਰ ਤੇ ਸਮਾਜਕ ਸਾਮਰਾਜ ਬਾਰੇ ਕੁਝ ਬੁਨਿਆਦੀ ਸਵਾਲ ਉਠਾਏ ਹਨ। ਇਨ੍ਹਾਂ ਸਵਾਲਾਂ ਦਾ ਬਹੁਤ ਸਾਰੀ ਜਾਣਕਾਰੀ ਅਤੇ ਅੰਕੜਿਆਂ ਦੇ ਵਿਸ਼ਲੇਸ਼ਣ ਦਾ ਗੰਭੀਰਤਾ ਨਾਲ ਅਧਿਅਨ ਕਰਨ ਤੋਂ ਬਾਅਦ ਕਿਸੇ ਦੇਸ਼ ਦੇ ਸੋਸ਼ਲਿਸਟ ਇਨਕਲਾਬ ਤੋਂ ਬਾਅਦ ਵੀ ਸਮਾਜਿਕ ਸਾਮਰਾਜੀ ਹੋਣ ਬਾਰੇ ਕੁਝ ਕਿਹਾ ਜਾ ਸਕਦਾ ਹੈ। ਦੂਜੇ ਹਿੱਸੇ ਵਿਚ ਰੂਸ ਦੇ ਭਾਰਤ ਨਾਲ ਆਰਥਕ ਸਬੰਧਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਗੁਪਤਾ ਵਲੋਂ ਉਠਾਏ ਇਸ ਸਬੰਧ ਵਿਚ ਸਵਾਲਾਂ ਬਾਰੇ ਗਲ-ਬਾਤ

---

*ਲੇਖਕ ਪ੍ਰੋਫੈਸਰ ਨਿਰਮਲ ਆਜ਼ਾਦ ਦਾ ਅਤੀ ਧੰਨਵਾਦੀ ਹੈ ਜਿਸ ਨਾਲ ਇਸ ਸਬੰਧ ਵਿਚ ਗੁਲਬਾਤ ਤੋਂ ਬਹੁਤ ਹੀ ਫਾਇਦਾ ਹੋਇਆ।

ਕੀਤੀ ਗਈ ਹੈ। ਪੁਰ-ਸਬੂਤ ਵਿਸ਼ਲੇਸ਼ਣ ਕਰਦਿਆਂ ਅਸੀਂ ਗੁਪਤਾ ਤੋਂ ਉਲਟ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਰੂਸ ਭਾਰਤ ਦੀ ਲੁੱਟ ਖਸੁੱਟ ਨਹੀਂ ਕਰ ਰਿਹਾ ਸਗੋਂ ਰੂਸ ਨਾਲ ਆਰਥਿਕ ਸਬੰਧਾਂ (ਰੂਸੀ ਮਦਦ ਅਤੇ ਵਪਾਰ) ਕਰਕੇ ਭਾਰਤ ਦੀ ਸਰਮਾਏਦਾਰ ਆਰਥਿਕਤਾ (Capitalist economy) ਮਜ਼ਬੂਤ ਹੋਈ ਹੈ। ਪਰ ਸਿਰਫ ਇਕ ਹੀ ਪੱਖ (ਆਰਥਿਕ ਲੁੱਟ ਜਾਂ ਮਦਦ) ਦੀ ਗੱਲ ਕਰਕੇ ਰੂਸ ਦੇ ਸਮਾਜਕ ਸਾਮਰਾਜ ਦੇਸ਼ ਹੋਣ ਦਾ ਜਾਂ ਨਾ ਹੋਣ ਦਾ ਫੈਸਲਾ ਨਹੀਂ ਕੀਤਾ ਜਾ ਸਕਦਾ।

## 1.

ਸਾਮਰਾਜਵਾਦ, ਪੂੰਜੀਵਾਦ ਦੀ ਸਭ ਤੋਂ ਉੱਚੀ ਪੱਧਰ (Stage) ਹੈ।[2] ਇਹ ਉਨਤ ਉਦਯੋਗਿਕ ਦੇਸ਼ਾਂ ਦੇ ਏਕਾਧਿਕਾਰੀ ਪੂੰਜੀਵਾਦ (Monopoly capitalism) ਦਾ ਕੌਮਾਂਤਰੀ ਪੱਖ ਹੈ। ਕਾਮਰੇਡ ਲੈਨਿਨ ਅਨੁਸਾਰ ਸਾਮਰਾਜ-ਵਾਦ ਦੀ ਪ੍ਰੀਭਾਸ਼ਾ ਵਿਚ ਹੇਠ ਲਿਖੇ ਪੰਜ ਬੁਨਿਆਦੀ ਲੱਛਣ ਹੁੰਦੇ ਹਨ :—

(1) ਉਤਪਾਦਨ ਦਾ ਕੇਂਦਰੀ-ਕਰਨ ਅਤੇ ਪੂੰਜੀ ਦਾ ਇਸ ਪੱਧਰ (Stage) ਤੱਕ ਵਿਕਾਸ ਹੋ ਜਾਂਦਾ ਹੈ ਕਿ ਇਸ ਨਾਲ ਏਕਾਧਿਕਾਰ ਆਰਥਿਕ ਜੀਵਨ ਵਿਚ ਫੈਸਲਾਕੁਨ ਰੋਲ ਅਦਾ ਕਰਦੇ ਹਨ ;

(2) ਬੈਂਕ ਪੂੰਜੀ (Bank Capital) ਅਤੇ ਉਦਯੋਗਿਕ ਪੂੰਜੀ (Industrial Capital) ਮਿਲ ਜਾਂਦੇ ਹਨ ਅਤੇ ਵਿੱਤ ਪੂੰਜੀ (Financial Capital) ਦੇ ਆਧਾਰ ਤੇ ਵਿੱਤ ਅਲੀਗਾਰਚੀ (Financial Oligarchy) ਪੈਦਾ ਹੋ ਜਾਂਦੀਆਂ ਹਨ ;

(3) ਪੂੰਜੀ ਦੀ ਬਰਾਮਦ (Export of Capital) ਜੋ ਵਸਤੂਆਂ ਦੀ ਬਰਾਮਦ ਤੋਂ ਭਿੰਨ ਹੁੰਦੀ ਹੈ, ਉਸ ਦੀ ਮਹਾਨਤਾ ਬਹੁਤ ਹੀ ਵਧ ਜਾਂਦੀ ਹੈ ;

(4) ਕੌਮਾਂਤਰੀ ਏਕਾਧਿਕਾਰ ਪੂੰਜੀਵਾਦੀ ਐਸੋਸੀਏਸ਼ਨਾਂ ਬਣਦੀਆਂ ਹਨ ਅਤੇ ਸੰਸਾਰ ਨੂੰ ਆਪਸ ਵਿਚ ਵੰਡ ਲੈਂਦੀਆਂ ਹਨ ;

(5) ਸੰਸਾਰ ਦੀ ਇਲਾਕਾਈ ਵੰਡ, ਵੱਡੀਆਂ ਵੱਡੀਆਂ ਏਕਾਧਿਕਾਰੀ ਤਾਕਤਾਂ ਵਿਚ ਪੂਰੀ ਹੋ ਜਾਂਦੀ ਹੈ।[3]

ਸਾਮਰਾਜਵਾਦ ਆਪਣੇ ਅਧੀਨ ਬਸਤੀਆਂ, ਅਰਧਬਸਤੀਆਂ ਵਿਚ ਮੰਡੀਆਂ ਪੈਦਾ ਕਰਕੇ, ਵਪਾਰਕ ਸਮਝੌਤਿਆਂ ਵਿਚ ਤਰਜੀਹਤਾ (Preferential) ਦਾ ਵਰਤਾਓ ਲੈ ਕੇ ਅਤੇ ਹੋਰ ਕਈ ਕਿਸਮ ਦੀਆਂ ਰਿਆਇਤਾਂ ਲੈ ਕੇ ਲਾਭ ਕਮਾਉਂਦਾ ਹੈ। ਇਸ ਵਾਸਤੇ ਹਰ ਕਿਸਮ ਦਾ ਲੁੱਟ ਦਾ ਜਾਲ ਵਿਛਾਇਆ ਜਾਂਦਾ ਹੈ। ਏਕਾਧਿਕਾਰੀ ਐਸੋਸੀਏਸ਼ਨ ਰਾਹੀਂ ਬਸਤੀਆਂ, ਅਰਧਬਸਤੀਆਂ ਅਤੇ ਨਵਬਸਤੀਆਂ ਵਿਚ ਪੂੰਜੀ ਦਾ ਬਰਾਮਦ ਕਰਕੇ ਸਾਮਰਾਜਵਾਦ ਆਪਣਾ ਕੰਟਰੋਲ ਕਰਦਾ ਹੈ ਅਤੇ ਉਨ੍ਹਾਂ ਵਿਚ ਕੇਂਦਰੀ-ਕਰਨ ਦੀ ਪੱਧਰ (Degree) ਵਧਾ ਦੇਂਦਾ ਹੈ ਅਤੇ ਬਸਤੀਆਂ ਦੇ ਸਾਧਨਾਂ ਨੂੰ ਆਪਣੇ ਲਾਭ ਵਾਸਤੇ ਹੀ ਵਰਤਦਾ ਹੈ। ਇਸ ਦੇ ਕਾਮਰੇਡ ਲੈਨਿਨ ਨੇ ਤਿੰਨ ਮੁੱਖ ਕਾਰਨ ਦੱਸੇ ਹਨ :—

(ੳ) ਜਿਤਨਾ ਪੂੰਜੀਵਾਦ ਉੱਨਤ ਹੁੰਦਾ ਹੈ, ਉਤਨੀ ਹੀ ਕੱਚੇ ਮਾਲ ਦੀ ਘਾਟ ਮਹਿਸੂਸ ਹੁੰਦੀ ਹੈ ਅਤੇ ਉਤਨਾ ਹੀ ਬਸਤੀਆਂ ਨੂੰ ਕਬਜ਼ੇ ਵਿਚ ਲੈਣ ਵਾਸਤੇ ਪੂੰਜੀਵਾਦੀ ਏਕਾਧਿਕਾਰਾਂ ਵਿਚ ਮੁਕਾਬਲਾ ਵਧਦਾ ਹੈ। ਪੂੰਜੀ ਦੇ ਧਿਆਨ ਵਿਚ ਸਿਰਫ ਲੱਭ ਚੁਕੇ ਕੱਚੇ ਮਾਲ ਦੇ ਸਥਾਨ ਹੀ ਨਹੀਂ ਹੁੰਦੇ ਸਗੋਂ ਉਹ ਵੀ ਜਿੱਥੇ ਕੱਚਾ ਮਾਲ ਮਿਲਣ ਦੀ ਆਸ ਹੋਵੇ। ਪੂੰਜੀ ਦੀ ਮਦਦ ਨਾਲ ਕੱਚੇ ਮਾਲ ਦੇ ਸਾਧਨਾਂ ਉਪਰ ਏਕਾਧਿਕਾਰ ਕਾਇਮ ਕਰਕੇ ਆਪਣੇ ਵਿਰੋਧੀਆਂ ਨੂੰ ਭਾਂਜ ਦਿਤੀ ਜਾ ਸਕਦੀ ਹੈ।

(ਅ) ਪੂੰਜੀ ਦੀ ਬਰਾਮਦ ਨਾਲ ਏਕਾਧਿਕਾਰ ਰਾਹੀਂ ਵਿਰੋਧੀਆਂ ਨੂੰ ਖਤਮ ਕਰਕੇ ਕੱਚੇ ਮਾਲ ਦੀ ਪੂਰਤੀ (Supply) ਦੇ ਯਕੀਨੀ ਸੋਮੇ (sources) ਅਤੇ ਹੋਰ ਲੋੜੀਂਦੇ ਸਬੰਧ ਕਾਇਮ ਕੀਤੇ ਜਾ ਸਕਦੇ ਹਨ।

(ੲ) ਵਿੱਤ ਪੂੰਜੀ ਦੇ ਅਧਾਰ ਤੇ ਬਸਤੀਆਂ ਵਿਚ ਜੋ (ਅਨ-ਆਰਥਿਕ) ਢਾਂਚਾ ਉਸਰਦਾ ਹੈ, ਉਸ ਢਾਚੇ ਦੀ ਸਿਆਸਤ ਅਤੇ ਵਿਚਾਰਧਾਰਾ (ideology) ਹੀ ਉਸ ਦੀ ਸਾਮਰਾਜ ਦੁਆਰਾ ਜਿੱਤ ਦੀ ਗਤੀ ਨੂੰ ਹੋਰ ਤੇਜ਼ ਕਰ ਸਕਦੀ ਹੈ।[4]

ਇਸ ਤਰ੍ਹਾਂ ਸਾਮਰਾਜਵਾਦ ਸੰਸਾਰ ਪੱਧਰ ਤੇ ਏਕਾਧਿਕਾਰ ਕਾਇਮ ਕਰਦਾ ਹੈ ਕਿਉਂ ਕਿ 'ਸਾਮਰਾਜਵਾਦ ਦਾ ਆਰਥਕ ਮੂਲ (essence) ਏਕਾਧਿਕਾਰੀ ਪੂੰਜੀਵਾਦ (monopoly capitalism) ਹੈ।[5] ਸਾਮਰਾਜਵਾਦ ਆਪਣੇ

ਬਣਾ ਕੇ ਬਸਤੀਆਂ ਨੂੰ ਲੁੱਟਦਾ ਹੈ । ਉਨ੍ਹਾਂ ਨੂੰ
ਵਿਰੋਧੀਆਂ ਨੂੰ ਖਤਮ ਕਰਕੇ ਕੌਮਾਂਤਰੀ ਪੱਧਰ ਤੇ ਆਪਣਾ ਏਕਾਧਿਕਾਰ ਪ੍ਰਾਪਤ ਕਰਨਾ ਇਸ ਦਾ ਮੁਖ ਕੰਮ ਹੈ।
ਆਪਣੀ ਮੰਡੀ ਬਣਾ ਕੇ ਉਦਯੋਗਿਕ ਮਾਲ ਵੇਚਣਾ ਅਤੇ ਉਨ੍ਹਾਂ ਤੋਂ ਕੱਚਾ ਮਾਲ ਨਿਯੁਕਤ ਕਰਦਾ ਹੈ। ਇਸ ਦੇ ਨਾਲ
ਵਪਾਰ ਦੀਆਂ ਦਰਾਂ (terms of trade)[6] ਆਪਣੇ ਹੀ ਫਾਇਦੇ ਵਿਚ ਸਾਮਰਾਜ ਰੁਕ ਜਾਂਦਾ ਹੈ ਅਤੇ ਇਹ ਪੱਕੇ
ਸਾਮਰਾਜਵਾਦੀ ਦੇਸ਼ਾਂ ਦੀ ਉੱਨਤੀ ਹੁੰਦੀ ਹੈ ਅਤੇ ਬਸਤੀਆਂ ਵਿਚ ਉਦਯੋਗਿਕ ਵਿਕਾਸ ਹਨ। ਇਨ੍ਹਾਂ ਵਿਚ ਜੋ ਥੋੜ੍ਹਾ
ਮਾਲ ਦੀਆਂ ਮੰਡੀਆਂ ਅਤੇ ਕੱਚੇ ਮਾਲ ਦੀ ਪੂਰਤੀ ਦੇ ਸੋਮੇਂ ਹੀ ਬਣ ਕੇ ਰਹਿ ਜਾਂਦੀਆਂ ਇਸ ਨਾਲ ਸਾਮਰਾਜਵਾਦੀ ਦੇਸ਼ਾਂ ਅਤੇ
ਬਹੁਤ ਵਿਕਾਸ ਹੁੰਦਾ ਵੀ ਹੈ, ਉਹ ਸਿਰਫ ਕੱਚੇ ਮਾਲ ਦੇ ਸਾਧਨਾਂ ਦਾ ਹੀ।
ਬਸਤੀਆਂ ਦੀ ਆਰਥਕ ਉੱਨਤੀ ਦਾ ਫਰਕ ਵਧਦਾ ਜਾਂਦਾ ਹੈ ।[7]

ਅਜੋਕੇ ਸਮੇਂ ਵਿਚ ਬਹੁਤ ਸਾਰੇ ਘਟ ਵਿਕਸਿਤ ਦੇਸ਼ (ਜੋ ਪਹਿਲਾਂ ਬਸਤੀਆਂ ਜਾਂ ਅਰਧਬਸਤੀਆਂ ਸਨ)
ਰਾਜਨੀਤਿਕ ਅਜ਼ਾਦੀ ਹਾਸਲ ਕਰ ਚੁਕੇ ਹਨ । ਪਰ ਸਾਮਰਾਜਵਾਦ ਇਨ੍ਹਾਂ ਦੇਸ਼ਾਂ ਦੀ ਲੁੱਟ ਨਵੇਂ ਰੂਪ ਵਿਚ ਉਸੇ ਤਰ੍ਹਾਂ
ਹੀ ਜਾਰੀ ਰਖ ਰਿਹਾ ਹੈ । ਪੂੰਜੀ ਦੀ ਬਰਾਮਦ (capital export) ਨੂੰ ਨਵਾਂ ਨਾਮ ਆਰਥਕ ਮਦਦ (economic
aid) ਦੇ ਦਿਤਾ ਗਿਆ ਹੈ । ਇਸ ਦਾ ਮੁਖ ਉਦੇਸ਼ ਇਨ੍ਹਾਂ ਦੇਸ਼ਾਂ ਦੀ ਆਰਥਕਤਾ ਉਪਰ ਆਪਣੀ ਜਕੜ (grip)
ਵਧਾਉਣਾ, ਪੱਕੇ ਮਾਲ ਦੀਆਂ ਮੰਡੀਆਂ ਅਤੇ ਕੱਚੇ ਮਾਲ ਦੇ ਪੂਰਤੀ ਦੇ ਸੋਮੇਂ ਕਾਇਮ ਰਖਣਾ ਹੈ । ਆਰਥਕ ਮਦਦ ਨਾਲ
ਇਨ੍ਹਾਂ ਦੇ ਆਰਥਕ ਅਦਾਰਿਆਂ ਉਪਰ ਕੰਟਰੋਲ ਕਰਕੇ ਸਿੱਧੇ ਅਤੇ ਅਸਿੱਧੇ ਰੂਪ ਵਿਚ ਇਨ੍ਹਾਂ ਦੇਸ਼ਾਂ ਦੀ ਲੁੱਟ ਕਰਨਾ ਹੈ ।
ਵਿਦੇਸ਼ੀ ਵਪਾਰ ਦਾ ਪ੍ਰਤਿਰੂਪ (pattern) ਪਹਿਲਾਂ ਵਾਲਾ ਹੀ ਰਖਣਾ ਹੈ ਅਤੇ ਵਪਾਰ ਦੀਆਂ ਦਰਾਂ ਆਪਣੇ ਹੀ ਫਾਇਦੇ
ਵਿਚ ਰਖਣਾ ਹੈ । ਇਸ ਦਾ ਭਾਵ ਇਹ ਹੈ ਕਿ ਘਟ ਵਿਕਸਿਤ ਦੇਸ਼ਾਂ ਨੂੰ ਪੱਕਾ ਮਾਲ ਮਹਿੰਗਾ ਵੇਚਣਾ ਅਤੇ ਉਨ੍ਹਾਂ ਤੋਂ ਕੱਚਾ
ਮਾਲ ਸਸਤਾ ਖਰੀਦਣਾ ਹੈ । ਇਸ ਦੇ ਇਲਾਵਾ ਇਨ੍ਹਾਂ ਦੇਸ਼ਾਂ ਨੂੰ ਆਰਥਕ ਅਤੇ ਤਕਨੀਕੀ ਤੌਰ ਤੇ ਸਾਮਰਾਜਵਾਦ ਆਪਣੇ
ਉਪਰ ਨਿਰਭਰ ਕਰਦਾ ਹੈ ਅਤੇ ਇਨ੍ਹਾਂ ਦੇਸ਼ਾਂ ਦੀ ਆਰਥਕ ਅਜ਼ਾਦੀ ਖਤਮ ਕਰਕੇ ਇਨ੍ਹਾਂ ਨੂੰ ਆਪਣਾ ਸਹਾਇਕ
(satellite) ਬਣਾਉਣਾ ਹੈ । ਇਨ੍ਹਾਂ ਦੇਸ਼ਾਂ ਨੂੰ ਆਰਥਕ ਤੌਰ ਤੇ ਸਾਮਰਾਜਵਾਦ ਆਪਣੇ ਨਾਲ ਪੱਕੇ ਤੌਰ ਤੇ ਜੋੜ ਕੇ
ਇਨ੍ਹਾਂ ਨੂੰ ਲੁੱਟਦਾ ਹੈ । ਇਥੋਂ ਤਕ ਕਿ ਅਜਿਹੇ ਦੇਸ਼ਾਂ ਨੂੰ ਫੌਜੀ ਸੰਧੀਆਂ ਵਿਚ ਸ਼ਾਮਲ ਕਰਕੇ ਇਹਨਾਂ ਦੇਸ਼ਾਂ ਵਿਚ ਫੌਜੀ
ਅੱਡੇ ਕਾਇਮ ਕਰਨਾ ਹੈ । ਹਰ ਇਕ ਅਗਾਂਹ ਵਧੂ (ਲੁੱਟ ਵਿਰੋਧੀ) ਲਹਿਰ ਦਾ ਵਿਰੋਧ ਸਾਮਰਾਜ ਕਰਦਾ ਹੈ । ਇਸ
ਵਾਸਤੇ ਪਿੱਠੂ ਸਰਕਾਰਾਂ ਦੀ ਮਦਦ ਕੀਤੀ ਜਾਂਦੀ ਹੈ ਇਹ ਸਾਰਾ ਕੁਝ ਲੁੱਟ ਦੇ ਢਾਂਚੇ ਨੂੰ ਕਾਇਮ ਰਖਣ ਵਾਸਤੇ ਕੀਤਾ
ਜਾਂਦਾ ਹੈ ।

ਹੁਣ ਸਵਾਲ ਉੱਠਦਾ ਹੈ ਕਿ ਸਮਾਜਕ ਸਾਮਰਾਜਵਾਦ ਕੀ ਹੈ ? 'ਗੱਲਾਂ ਵਿਚ ਸਮਾਜਵਾਦ, ਕੰਮਾਂ ਵਿਚ ਸਾਮਰਾਜਵਾਦ ਤੇ
ਸਾਮਰਾਜਵਾਦ ਵਿਚ ਮੌਕਾਪ੍ਰਸਤਵਾਦ ਦੇ ਵਿਕਾਸ'[8] ਨੂੰ ਕਾ: ਲੈਨਿਨ ਨੇ ਸਮਾਜਕ ਸਾਮਰਾਜਵਾਦ ਕਿਹਾ ਹੈ । ਲੈਨਿਨ ਨੇ ਦੂਜੀ
ਇੰਟਰਨੈਸ਼ਨਲ ਦੇ ਸੋਧਵਾਦੀਆਂ ਦੇ ਸਬੰਧ ਵਿਚ ਆਖੀ ਜਿਨ੍ਹਾਂ ਨੇ ਪਹਿਲੀ ਸੰਸਾਰ ਜੰਗ ਚਿ ਅਪਣੀਆਂ ਸਾਮਰਾਜੀ ਸਰਕਾਰਾਂ
ਦੀ ਹਮਾਇਤ ਕਰਕੇ ਸਾਮਰਾਜੀ ਜੰਗ ਦੀ ਹਮਾਇਤ ਕੀਤੀ ਸੀ ਤੇ ਇਸ ਤਰ੍ਹਾਂ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਵਿਰੋਧਤਾ
ਕੀਤੀ ਸੀ । ਇਥੋਂ ਤਕ ਕਿ ਇਹਨਾਂ ਸੋਧਵਾਦੀਆਂ ਨੇ ਬਸਤੀਆਂ ਦੇ ਕੌਮੀ ਆਤਮ ਨਿਰਣੇ ਦੇ ਹੱਕ ਦੀ ਵੀ ਵਿਰੋਧਤਾ
ਕੀਤੀ ਸੀ ।[9] ਲੈਨਿਨ ਅਨੁਸਾਰ ਸਮਾਜਿਕ ਸਾਮਰਾਜੀ ਮਜ਼ਦੂਰ ਜਮਾਤ ਨੂੰ ਧੋਖਾ ਦੇਣ ਵਾਸਤੇ ਅਤੇ ਅਸਲੀਅਤ ਨੂੰ ਛੁਪਾਉਣ
ਵਾਸਤੇ ਹੀ ਸਮਾਜਵਾਦ ਦੀਆਂ ਗੱਲਾਂ ਕਰਦੇ ਹਨ । ਅਸਲ ਵਿਚ ਮਜ਼ਦੂਰ ਜਮਾਤ ਦੇ ਉਪਰਲੇ ਹਿੱਸੇ (upper strata)
ਨੂੰ ਏਕਾਧਿਕਾਰੀ ਸੁਪਰ ਲਾਭ (ਕਿਉਂਕਿ ਸਾਮਰਾਜਵਾਦ, ਏਕਾਧਿਕਾਰੀ ਪੂੰਜੀਵਾਦ ਹੈ), ਨਾਲ ਖਰੀਦ ਲਿਆ ਜਾਂਦਾ ਹੈ
ਅਤੇ ਉਹ ਮਜ਼ਦੂਰਾਂ ਨੂੰ ਸਮਾਜਵਾਦ ਦੇ ਨਾਂ ਤੇ ਧੋਖਾ ਦਿੰਦੇ ਹਨ । ਐਸੇ ਲੋਕ ਸਾਮਰਾਜਵਾਦ ਨਾਲ ਮਿਲੇ ਹੁੰਦੇ ਹਨ ।[10]
ਇਸ ਵਾਸਤੇ ਜੇ ਕੋਈ ਦੇਸ਼ ਗੱਲਾਂ ਸਮਾਜਵਾਦ ਦੀਆਂ ਕਰੇ ਪਰ ਅਮਲ ਵਿਚ ਸਾਮਰਾਜਵਾਦੀ ਹੋਵੇ (ਜਿਵੇਂ ਕਿ ਉਪਰ
ਕਿਹਾ ਗਿਆ ਹੈ) ਤਾਂ ਉਸ ਦੇਸ਼ ਨੂੰ ਸਮਾਜਕ ਸਾਮਰਾਜ ਕਿਹਾ ਜਾ ਸਕਦਾ ਹੈ । ਕਿਸੇ ਦੇਸ਼ ਦੇ ਸੋਸ਼ਲਿਸਟ ਇਨਕਲਾਬ ਤੋਂ
ਬਾਦ ਵੀ ਸਮਾਜਕ ਸਾਮਰਾਜ ਬਣ ਜਾਣ ਨੂੰ ਸਾਬਤ ਕਰਨ ਲਈ ਕੁਝ ਅਹਿਮ ਸਵਾਲਾਂ ਬਾਰੇ ਅਧਿਅਨ ਕਰਨਾ
ਪਵੇਗਾ, ਜਿਵੇਂ :—

(1) ਉਸ ਦੇਸ਼ ਵਿਚ ਏਕਾਧਿਕਾਰੀ ਪੂੰਜੀ ਦਾ ਸਟੇਟ ਉੱਪਰ ਕਾਬਜ਼ ਹੋਣਾ ;

(2) ਦੂਸਰੇ (ਘਟ ਵਿਕਸਿਤ) ਦੇਸ਼ਾਂ ਨੂੰ ਲੁੱਟਣਾ—ਵਪਾਰ ਦੀਆਂ ਦਰਾਂ (terms of trade) ਆਪਣੇ

ਫਾਇਦੇ ਵਿਚ ਰਖਣਾ, ਵਿਦੇਸ਼ੀ ਆਰਥਿਕ ਅਦਾਰਿਆਂ ਉਪੱਰ ਕਬਜ਼ਾ ਕਰਨਾ ਅਤੇ ਉਨ੍ਹਾਂ ਦੀ ਨਿਰਭਰਤਾ ਵਧਾ ਕੇ ਆਪਣੇ ਨਾਲ ਜੋੜ ਲੈਣਾ, ਪੱਕੇ ਮਾਲ ਦੀਆਂ ਮੰਡੀਆਂ ਅਤੇ ਕੱਚੇ ਮਾਲ ਦੇ ਸੋਮਿਆਂ ਉੱਪਰ ਕਬਜ਼ਾ, ਵਪਾਰ ਦੇ ਪ੍ਰਤਿਰੂਪ (pattern) ਨੂੰ ਆਪਣੇ ਹੱਕ ਵਿਚ ਰਖਣਾ ਆਦਿ।

(3) ਕੌਮਾਂਤਰੀ ਕਮਿਊਨਿਸਟ ਲਹਿਰਾਂ ਦਾ ਵਿਰੋਧ ਕਰਨਾ ਅਤੇ

(4) ਸਾਮਰਾਜ ਦੇ ਹੱਕ ਵਿਚ ਖੜਨਾ।

## 2.

ਸ੍ਰੀ ਵੇਦ ਪ੍ਰਕਾਸ਼ ਗੁਪਤਾ ਨੇ ਰੂਸੀ ਸਟੇਟ ਦੇ ਸਿਰਫ ਵਿਦੇਸ਼ੀ ਆਰਥਿਕ ਸਬੰਧਾਂ ਦੇ ਅਧਾਰ ਤੇ ਹੀ ਉਸ ਨੂੰ ਸਮਾਜਕ ਸਾਮਰਾਜ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਸ਼ੁਰੂ ਵਿਚ ਵੇਖ ਚੁਕੇ ਹਾਂ ਕਿ ਸਾਮਰਾਜਵਾਦ, ਏਕਾਧਿਕਾਰੀ ਪੂੰਜੀਵਾਦ ਦਾ ਵਿਦੇਸ਼ੀ ਪੱਖ ਹੈ ਭਾਵ ਏਕਾਧਿਕਾਰੀ ਪੂੰਜੀਵਾਦ ਸਾਮਰਾਜਵਾਦ ਦਾ ਆਰਥਕ ਅਧਾਰ ਹੈ ਅਤੇ ਇਹ ਇਕ ਦੂਜੇ ਤੋਂ ਅਲਗ ਨਹੀਂ ਹਨ। ਇਸ ਵਾਸਤੇ ਰੂਸ ਨੂੰ ਸਮਾਜਕ ਸਾਮਰਾਜਵਾਦ ਸਾਬਤ ਕਰਨ ਤੋਂ ਪਹਿਲਾਂ ਇਹ ਸਾਬਤ ਕਰਨਾ ਪਵੇਗਾ ਕਿ ਰੂਸ ਵਿਚ ਏਕਾਧਿਕਾਰੀ ਬੁਰਜੂਆਜ਼ੀ ਸਟੇਟ ਤੇ ਕਾਬਜ਼ ਹੈ। ਨਾਲ ਹੀ ਇਹ ਵੀ ਦਸਣਾ ਪਵੇਗਾ ਕਿ ਪਰੋਲਤਾਰੀ ਦੀ ਡਿਕਟੇਟਰਸ਼ਿਪ ਤੋਂ ਏਕਾਧਿਕਾਰੀ ਬੁਰਜੂਆਜ਼ੀ ਨੇ ਤਾਕਤ ਕਿਵੇਂ ਅਤੇ ਕਦੋਂ ਖੋਹ ਲਈ, ਭਾਵ ਪੂੰਜੀਵਾਦ ਕਦੋਂ ਅਤੇ ਕਿਵੇਂ ਰੂਸ ਵਿਚ ਬਹਾਲ ਹੋ ਗਿਆ।[11] ਇਸ ਬਾਰੇ ਗੁਪਤਾ ਨੇ ਕੁਝ ਵੀ ਨਹੀਂ ਕਿਹਾ। ਇਸ ਸਵਾਲ ਦੇ ਜੁਆਬ ਤੋਂ ਬਿਨਾਂ ਰੂਸ ਨੂੰ ਸਮਾਜਕ ਸਾਮਰਾਜਵਾਦੀ ਕਹਿ ਦੇਣਾ ਸਿਧਾਂਤਕ ਤੌਰ ਤੇ ਗਲਤ ਹੈ।

ਇਸੇ ਤਰ੍ਹਾਂ ਗੁਪਤਾ ਨੇ ਰੂਸ ਦੇ ਕੌਮਾਂਤਰੀ ਕਮਿਊਨਿਸਟ ਲਹਿਰਾਂ ਨਾਲ ਸਬੰਧ ਅਤੇ ਉਨ੍ਹਾਂ ਪ੍ਰਤੀ ਰੂਸ ਦੇ ਰਵਈਏ ਬਾਰੇ ਕੋਈ ਵੀ ਗੱਲ ਨਹੀਂ ਕੀਤੀ। ਇਨ੍ਹਾਂ ਬੁਨਿਆਦੀ ਸਵਾਲਾਂ ਨੂੰ ਛੱਡ ਕੇ ਉਸ ਨੇ ਜਲਦਬਾਜ਼ੀ ਨਾਲ ਸਿੱਟੇ ਕੱਢਣ ਦੀ ਕੋਸ਼ਸ਼ ਕੀਤੀ ਹੈ।

ਜੇਕਰ ਰੂਸੀ ਸਟੇਟ ਦੇ ਵਿਦੇਸ਼ੀ ਆਰਥਿਕ ਸਬੰਧਾਂ ਨੂੰ ਹੀ ਲਈਏ, ਜਿਵੇਂ ਗੁਪਤਾ ਨੇ ਲਿਆ ਹੈ ਤਾਂ ਗੁਪਤਾ ਦੇ ਨਤੀਜੇ ਕਿਥੋਂ ਤਕ ਠੀਕ ਹਨ?

ਗੁਪਤਾ ਅਨੁਸਾਰ ਭਾਰਤ-ਰੂਸ ਵਪਾਰ 1953 ਤੋਂ 1969-70 ਤਕ ਬਹੁਤ ਤੇਜ਼ੀ ਨਾਲ ਵਧਿਆ। ਇਹ ਗੱਲ ਵਿਸ਼ੇਸ਼ ਧਿਆਨ ਯੋਗ ਹੈ ਕਿ ਇਹ ਵਪਾਰ ਕਦੇ ਵੀ ਭਾਰਤ ਦੇ ਹੱਕ ਵਿਚ ਨਹੀਂ ਹੋਇਆ।"[12] ਗੁਪਤਾ ਦੀ ਇਹ ਗੱਲ (ਵਪਾਰ ਦੇ ਹੱਕ ਵਿਚ ਨਾ ਹੋਣ ਦੀ) ਸਬੂਤ ਰਹਿਤ ਹੈ ਅਤੇ ਇਸ ਦੀ ਪੁਸ਼ਟੀ ਉਸ ਨੇ ਕਿਸੇ ਵੀ ਤਰ੍ਹਾਂ ਨਹੀਂ ਕੀਤੀ। ਸ਼ਾਇਦ ਉਸ ਨੇ ਇਸ ਗੱਲ ਦੀ ਲੋੜ ਹੀ ਨਹੀਂ ਸਮਝੀ। ਜੇ ਅੰਕੜਿਆਂ ਨੂੰ ਵੇਖਿਆ ਜਾਵੇ ਤਾਂ ਇਸ ਗੱਲ ਦੇ ਉਲਟ ਸਾਬਤ ਹੁੰਦੀ ਹੈ। ਕੁਝ ਲੋਕ ਇਕ ਦੋ ਉਦਾਹਰਣਾਂ ਲੈ ਕੇ, ਜਿਨ੍ਹਾਂ ਵਿਚ ਰੂਸ ਭਾਰਤ ਨੂੰ ਵਸਤੂਆਂ ਮਹਿੰਗੀਆਂ ਵੇਚਦਾ ਹੈ ਅਤੇ ਸਸਤੀਆਂ ਖਰੀਦਦਾ ਹੈ, ਇਹ ਕਹਿਣਾ ਸ਼ੁਰੂ ਕਰ ਦਿੰਦੇ ਹਨ ਕਿ ਰੂਸ ਭਾਰਤ ਨੂੰ ਲੁੱਟ ਰਿਹਾ ਹੈ। ਸ੍ਰੀ ਗੁਪਤਾ ਵੀ ਉਨ੍ਹਾਂ ਵਿਚੋਂ ਇਕ ਜਾਪਦੇ ਹਨ। ਜੇ ਭਾਰਤ ਰੂਸ ਦੇ ਸਮੁੱਚੇ ਵਪਾਰ ਦੀ ਗੱਲ ਕੀਤੀ ਜਾਵੇ ਤਾਂ ਇਸ ਵਿਚ ਭਾਰਤ ਨੂੰ ਲਾਭ ਹੋਇਆ ਹੈ। ਸਮਿੱਤਰਾ ਚਿਸ਼ਤੀ[3] ਨੇ ਭਾਰਤ-ਰੂਸ ਵਪਾਰ ਦੀਆਂ ਦਰਾਂ (**net barter terms of trade**) ਦੇ ਦਸਾਂ ਸਾਲਾਂ (1960-61 ਤੋਂ 1964-65 ਅਤੇ 1965-66 ਤੋਂ 1969-70) ਦੀ ਵਿਆਖਿਆ ਕੀਤੀ ਹੈ। ਇਸ ਅਨੁਸਾਰ ਇਹ ਦਰਾਂ ਅੱਠ ਸਾਲ ਭਾਰਤ ਦੇ ਫਾਇਦੇ ਵਿਚ ਸਨ ਅਤੇ ਸਿਰਫ ਦੋ ਸਾਲ ਖਿਲਾਫ ਸਨ। ਇਸ ਅਧਿਐਨ ਵਿਚ ਭਾਰਤ-ਰੂਸ ਵਪਾਰ ਦਾ 60 ਪ੍ਰਤੀਸ਼ਤ ਤੋਂ 70 ਪ੍ਰਤੀਸ਼ਤ ਆ ਜਾਂਦਾ ਹੈ, ਬਾਕੀ ਵਪਾਰ ਜੋ ਬਚ ਜਾਂਦਾ ਹੈ, ਉਸ ਵਿਚ ਮਸ਼ੀਨਰੀ ਦਾ ਹਿੱਸਾ ਜ਼ਿਆਦਾ ਆਉਂਦਾ ਹੈ, ਜਿਸ ਦੇ ਗੁਣ (**quality**) ਭਿੰਨ ਹੋਣ ਕਰਕੇ ਕੀਮਤ ਦਾ ਸੂਚਕ ਅੰਕ ਬਨਾਉਣਾ ਔਖਾ ਹੈ। ਪਰ ਇਕ ਹੋਰ ਅਧਿਐਨ ਅਨੁਸਾਰ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਰੂਸ ਨੇ ਭਾਰਤ ਤੋਂ ਸੰਸਾਰ ਮੰਡੀ ਦੀਆਂ ਕੀਮਤਾਂ ਤੋਂ ਮਸ਼ੀਨਰੀ ਦੀਆਂ ਕੀਮਤਾਂ ਜ਼ਿਆਦਾ ਲਈਆਂ ਹੋਣ।[14] ਅਗਰ ਚਿਸ਼ਤੀ ਦੀਆਂ ਵਪਾਰਕ ਦਰਾਂ (ਭਾਰਤ ਰੂਸ ਵਪਾਰ ਸਬੰਧਾਂ ਦਾ ਮੁਕਾਬਲਾ ਭਾਰਤ ਦੇ ਬਾਕੀ ਦੁਨੀਆਂ ਨਾਲ ਵਪਾਰ ਦੀਆਂ ਵਪਾਰਕ ਦਰਾਂ[15] ਨਾਲ ਕੀਤਾ ਜਾਵੇ ਤਾਂ ਪਤਾ ਚਲਦਾ ਹੈ ਕਿ ਭਾਰਤ ਨੂੰ ਇਸ ਵਪਾਰ ਤੋਂ ਲਾਭ ਹੋਇਆ ਹੈ। ਇਸੇ ਤਰ੍ਹਾਂ ਐਮ. ਸਬਾਸਤੀਅਨ ਨੇ ਭਾਰਤ-ਰੂਸ ਵਪਾਰ ਬਾਰੇ ਚਾਰ ਸਾਲਾਂ ਦੇ ਅੰਕੜੇ (1966-67 ਤੋਂ 1969-70) ਲੈ ਕੇ ਇਹ ਸਾਬਤ ਕੀਤਾ ਹੈ ਕਿ ਭਾਰਤ ਰੂਸ ਤੋਂ ਸਸਤੀਆਂ ਵਸਤੂਆਂ ਖਰੀਦਦਾ ਹੈ ਅਤੇ ਰੂਸ ਨੂੰ ਬਾਕੀ ਦੁਨੀਆ ਨਾਲੋਂ

ਮਹਿੰਗੀਆਂ ਵਸਤੂਆਂ ਵੇਚਦਾ ਹੈ। ਇਸ ਤਰ੍ਹਾਂ ਭਾਰਤ ਨੂੰ ਵਪਾਰ ਤੋਂ ਨਿਰੋਲ ਲਾਭ ਹੁੰਦਾ ਹੈ।[16]

ਇਸ ਦੇ ਇਲਾਵਾ ਭਾਰਤ ਨੂੰ ਰੂਸ ਵਿਚ ਯਕੀਨੀ ਤੌਰ ਤੇ ਇਕ ਮੰਡੀ ਮਿਲੀ ਹੈ। ਇਸ ਨਾਲ ਵਿਦੇਸ਼ੀ ਵਪਾਰ ਵਿਚ ਅਨਿਸ਼ਚਤਾ ਘਟ ਗਈ ਹੈ, ਜੋ ਕਿ ਭਾਰਤ ਵਿਚ ਸਰਮਾਏਦਾਰ (capitalist planning) ਯੋਜਨਾਬੰਦੀ ਲਈ ਲਾਹੇਵੰਦ ਰਹੀ ਹੈ। ਆਸ਼ਾ ਦਤਾਰ ਅਨੁਸਾਰ 1965-66 ਤਕ ਭਾਰਤ ਦੇ ਪੂਰਬੀ ਯੂਰਪ (ਰੂਸ ਸਮੇਤ) ਨਾਲ ਕੁੱਲ ਵਪਾਰ ਦਾ 79% ਵਪਾਰ ਦੇ ਵਾਧੇ ਦੇ ਰੂਪ ਵਿਚ ਹੋਇਆ।[17] ਜਿਥੋਂ ਤਾਈਂ ਵਪਾਰ ਦੇ ਪ੍ਰਤਿਰੂਪ (pattern) ਦਾ ਸਵਾਲ ਹੈ ਉਸ ਵਿਚ ਵੀ ਤਬਦੀਲੀ ਆ ਰਹੀ ਹੈ। 1953-54 ਵਿਚ ਪੂਰਬੀ ਯੂਰਪ (ਰੂਸ ਸਮੇਤ) ਨੂੰ ਭਾਰਤੀ ਬਰਾਮਦਾਂ 90% ਮੁਢਲੀਆਂ (traditional) ਵਸਤੂਆਂ ਦੇ ਰੂਪ ਵਿਚ ਹੁੰਦੀਆਂ ਸਨ। ਜਦ ਕਿ ਇਨ੍ਹਾਂ ਦਾ ਹਿੱਸਾ ਘਟ ਕੇ ਹੁਣ ਤਕ 45% ਹੀ ਰਹਿ ਗਿਆ ਹੈ।[18] ਇਨ੍ਹਾਂ ਦੇਸ਼ਾਂ ਤੋਂ ਭਾਰਤੀ ਦਰਾਮਦਾਂ ਵਿਚ ਮਸ਼ੀਨਰੀ (ਬਿਜਲੀ ਮਸ਼ੀਨਰੀ ਤੋਂ ਬਿਨਾਂ) ਦਾ ਹਿੱਸਾ 1964-65 ਵਿਚ 54% ਤੋਂ ਘਟ ਕੇ 1970-71 ਵਿਚ 37.1% ਹੀ ਰਹਿ ਗਿਆ ਹੈ। ਇਸ ਦੀ ਥਾਂ ਰਸਾਇਣਿਕ ਪਦਾਰਥਾਂ, ਖਾਦ ਅਤੇ non-ferrous ਧਾਤਾਂ ਨੇ ਲੈ ਲਈ।[19] ਇਸ ਤਰ੍ਹਾਂ ਜੇ ਵਪਾਰ ਦੇ ਪ੍ਰਤਿਰੂਪ ਨੂੰ ਦੇਖਿਆ ਜਾਵੇ ਤਾਂ ਇਹ ਇਕ ਐਸੀ ਤਬਦੀਲੀ ਹੈ, ਜੋ ਬਸਤੀਵਾਦੀ ਵਪਾਰ ਦੇ ਉਲਟ ਹੈ।

ਕੁਝ ਲੋਕ ਰੂਸ ਦੇ ਕੇਸ ਵਿਚ ਭਾਰਤ ਨਾਲ ਸਵਿਚ ਵਪਾਰ[20] (switch trade) ਨੂੰ ਲੈ ਕੇ ਭਾਰਤ-ਰੂਸ ਵਪਾਰ ਉਲਟ ਦਲੀਲ ਪੇਸ਼ ਕਰਦੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਸਵਿਚ ਵਪਾਰ ਕੁੱਲ ਭਾਰਤ-ਰੂਸ ਵਪਾਰ ਦਾ ਬਹੁਤ ਹੀ ਛੋਟਾ ਹਿੱਸਾ ਹੈ, ਇਸ ਕਰਕੇ ਇਸ ਨੂੰ ਕੁੱਲ ਵਪਾਰ ਦੇ ਵਿਸ਼ਲੇਸ਼ਣ ਵਿਚੋਂ ਛੱਡਿਆ ਜਾ ਸਕਦਾ ਹੈ। ਦੂਸਰੇ ਸਵਿਚ ਵਪਾਰ ਵਿਚ ਰੂਸ ਭਾਰਤ ਤੋਂ ਕੁਝ ਵਸਤੂਆਂ ਲੈ ਕੇ ਦੂਜੇ ਦੇਸ਼ਾਂ ਨੂੰ ਸਸਤੀਆਂ ਵੇਚਦਾ ਹੈ। ਇਸ ਵਿਚ ਰੂਸ ਨੂੰ ਲਾਭ ਦੀ ਬਜਾਏ ਆਰਥਕ ਘਾਟਾ ਪੈਂਦਾ ਹੈ।[21] ਇਸ ਤਰ੍ਹਾਂ ਵਪਾਰ ਦੀ ਤਰਫੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਰਤ-ਰੂਸ ਵਪਾਰ ਭਾਰਤ ਦੇ ਫਾਇਦੇ ਵਿਚ ਹੋਇਆ।

ਦੂਜੀ ਗੱਲ ਰੂਸੀ ਕਰਜ਼ੇ ਦੀ ਆਉਂਦੀ ਹੈ। ਗੁਪਤਾ ਅਨੁਸਾਰ ਭਾਰਤ ਨੂੰ ਰੂਸ ਦੇ "ਹਰ ਇਕ ਸੌ ਰੁਪਏ ਬਦਲੇ ਇਕ ਸੌ ਸੱਠ ਰੁਪਏ ਉਸੇ ਸਾਲ ਹੀ ਮੋੜਨੇ ਪੈਂਦੇ ਹਨ"[22]। ਪਰ ਇਸ ਦੀ ਪੁਸ਼ਟੀ ਵਾਸਤੇ ਉਸ ਕੋਈ ਸਬੂਤ ਨਹੀਂ ਦਿੱਤਾ। ਰੂਸ ਦੀ ਮਦਦ 100 ਪ੍ਰਤੀਸ਼ਤ ਕਰਜ਼ੇ (loan) ਦੇ ਰੂਪ ਵਿਚ ਆਉਂਦੀ ਹੈ। ਇਸ ਤੇ 2.5 ਪ੍ਰਤੀਸ਼ਤ ਵਿਆਜ ਦਰ ਹੁੰਦੀ ਹੈ ਅਤੇ ਕਰਜ਼ੇ ਦੀ ਮਿਆਦ ਆਮ ਤੌਰ ਤੇ 12 ਸਾਲ ਹੁੰਦੀ ਹੈ। ਅਤੇ ਇਕ ਸਾਲ ਗਰੇਸ ਦਾ ਸਮਾਂ (grace period) ਹੁੰਦਾ ਹੈ। ਇਹ ਵਿਆਜ ਦਰ ਕਈਆਂ ਦੇਸ਼ਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਵਿਆਜ ਦਰ ਤੋਂ ਘਟ ਹੁੰਦੀ ਹੈ।[23] ਮਾਰਚ 1973 ਵਿਚ ਇੰਟਰਨੈਸ਼ਨਲ ਇਨਵੈਸਟਮੈਂਟ ਬੈਂਕ ਮਾਸਕੋ (International Investment Bank Moscow) ਨੇ ਇੰਗਲੈਂਡ ਤੋਂ ਪੰਜ ਕਰੋੜ ਡਾਲਰ ਕਰਜ਼ਾ ਇੰਟਰ ਬੈਂਕ ਦਰ (Inter-bank rate) ਤੋਂ ਅੱਧਾ ਪ੍ਰਤੀਸ਼ਤ[24] (0.5 ਪ੍ਰਤੀਸ਼ਤ) ਜ਼ਿਆਦਾ ਤੇ ਲਿਆ। ਇਹ ਵਿਆਜ ਦਰ ਜਿਸ ਦਰ ਤੇ ਰੂਸ ਆਪ ਵਿਦੇਸ਼ਾਂ ਨੂੰ ਕਰਜ਼ਾ ਦੇਂਦਾ ਹੈ, ਉਸ ਤੋਂ ਕਾਫ਼ੀ ਜ਼ਿਆਦਾ ਸੀ।[25] ਇਸ ਦਾ ਭਾਵ ਇਹ ਹੈ ਕਿ ਰੂਸ ਜਿਸ ਵਿਆਜ ਦਰ ਤੇ ਆਪ ਕਰਜ਼ਾ ਲੈ ਰਿਹਾ ਹੈ, ਉਸ ਤੋਂ ਭਾਰਤ ਨੂੰ ਘਟ ਵਿਆਜ ਤੇ ਕਰਜ਼ਾ ਦੇ ਰਿਹਾ ਹੈ। ਇਹ ਗੱਲ ਖਾਸ ਵਰਨਣ ਯੋਗ ਹੈ ਕਿ ਰੂਸ ਨੇ ਭਾਰਤ ਨੂੰ ਕਰਜ਼ਾ ਦੇਣਾ ਸ਼ੁਰੂ ਕਰਨ ਦੇ ਬਾਦ ਦੂਸਰੇ ਦੇਸ਼ਾਂ ਨੇ ਵੀ ਭਾਰਤ ਨੂੰ ਘਟ ਵਿਆਜ ਦਰ ਤੇ ਕਰਜ਼ਾ ਦੇਣਾ ਸ਼ੁਰੂ ਕੀਤਾ।[26]

ਰੂਸੀ ਜਕੜ ਦੇ ਸਵਾਲ ਤੇ ਜੋ ਅੰਕੜੇ ਗੁਪਤਾ ਨੇ ਦਿਤੇ ਹਨ, ਉਹਨਾਂ ਖੇਤਰਾਂ ਵਿਚ ਤਾਂ ਰੂਸੀ ਮਦਦ ਜ਼ਰੂਰ ਮਿਲੀ ਹੈ। ਇਸ ਗੱਲ ਦਾ ਵਰਨਣ ਡੀ. ਉਸਾਤੋਵ[27] ਦੇ ਲੇਖ ਵਿਚ ਵੀ ਮਿਲਦਾ ਹੈ ਭਾਵੇਂ ਇਸ ਗੱਲ ਦੀ ਵਿਆਖਿਆ ਉਸ ਨੇ ਬਹੁਤ ਘੱਟ ਕੀਤੀ ਹੈ। ਉਸਾਤੋਵ ਦੇ ਲੇਖ ਵਿਚ ਆਰਥਕ ਜਕੜ ਦੇ ਬੁਨਿਆਦੀ ਸਵਾਲਾਂ ਨੂੰ ਨਹੀਂ ਲਿਆ ਗਿਆ। ਭਾਵੇਂ ਲੇਖ ਭਾਰਤ-ਰੂਸ ਆਰਥਕ ਸਬੰਧਾਂ ਬਾਰੇ ਹੀ ਹੈ ਫਿਰ ਵੀ ਵਪਾਰ ਬਾਰੇ ਇਸ ਵਿਚ ਕੋਈ ਜਾਣਕਾਰੀ ਭਰਪੂਰ ਵਿਸ਼ਲੇਸ਼ਣ ਨਹੀਂ ਹੈ। ਇਸ ਦੇ ਇਲਾਵਾ ਇਸ ਸਬੰਧ ਵਿਚ ਗੁਪਤਾ ਦੁਆਰਾ ਉਠਾਏ ਗਏ ਕਈ ਨੁਕਤਿਆਂ ਬਾਰੇ ਇਸ ਵਿਚੋਂ ਕੋਈ ਜਾਣਕਾਰੀ ਨਹੀਂ ਮਿਲਦੀ।

ਆਰਥਕ ਜਕੜ (economic grip) ਤੋਂ ਭਾਵ ਪ੍ਰਾਜੈਕਟਾਂ ਦੀ ਮਾਲਕੀ ਜਾਂ ਮੁਖ ਫ਼ੈਸਲੇ ਲੈਣ ਵਿਚ ਕੰਟਰੋਲ ਜਾਂ ਦੋਹਾਂ ਗੱਲਾਂ ਦਾ ਹੋਣਾ ਹੈ। ਜਿਥੋਂ ਤਕ ਮਾਲਕੀ ਦਾ ਸਵਾਲ ਹੈ ਇਹਨਾਂ ਪ੍ਰਾਜੈਕਟਾਂ ਦੀ ਮਾਲਕੀ ਭਾਰਤ ਦੀ ਹੈ।

ਰੂਸ ਆਪਣੇ ਮੂਲ ਅਤੇ ਵਿਆਜ (principal and interest) ਦਾ ਹੀ ਹੱਕਦਾਰ ਹੈ ਅਤੇ ਭਾਰਤ ਵਿਚੋਂ ਮਦਦ ਰਾਹੀਂ ਸਰਮਾਇਦਾਰਾਨਾਂ ਲਾਭ (capitadistic profit) ਨਹੀਂ ਕਮਾਉਂਦਾ। ਇਹਨਾਂ ਪ੍ਰਾਜੈਕਟਾਂ ਵਿਚ ਫੈਸਲੇ ਲੈਣ ਦੇ ਸਵਾਲ ਵਿਚ ਕਈਆਂ ਪ੍ਰਾਜੈਕਟਾਂ ਵਿਚ (ਸਾਰਿਆਂ ਵਿਚ ਨਹੀਂ) ਰੂਸੀ ਮਾਹਰ ਸਲਾਹ ਦੇਣ ਲਈ ਮੌਜੂਦ ਹਨ, ਪਰ: (1) ਇਸ ਦਾ ਅਰਥ ਇਹ ਨਹੀਂ ਕਿ ਉਹ ਸਦਾ ਹੀ ਮੌਜੂਦ ਰਹਿੰਦੇ ਹਨ, ਕੁਝ ਸਮੇਂ ਬਾਅਦ ਉਹਨਾਂ ਦੀ ਥਾਂ ਭਾਰਤੀ ਮਾਹਰ ਲੈ ਲੈਂਦੇ ਹਨ, ਜਿਵੇਂ ਭਿਲਾਈ ਪ੍ਰਾਜੈਕਟ ਦੇ ਕੇਸ ਵਿਚ[28] ਅਤੇ (2) ਰੂਸੀ ਮਾਹਰ ਸਿਰਫ਼ ਤਕਨੀਕੀ ਗੱਲਾਂ ਵਿਚ ਹੀ ਸਲਾਹ ਦਿੰਦੇ ਹਨ, ਪ੍ਰਬੰਧਕੀ ਮਸਲਿਆਂ ਬਾਰੇ ਫੈਸਲੇ ਭਾਰਤੀਆਂ ਦੁਆਰਾ ਹੀ ਲਏ ਜਾਂਦੇ ਹਨ। ਇਕ ਹੋਰ ਪੱਖ ਜਿਸ ਤੋਂ ਆਰਥਿਕ ਜਕੜ ਬਾਰੇ ਗਲ ਕੀਤੀ ਜਾ ਸਕਦੀ ਹੈ ਉਹ ਹੈ ਕਿ ਇਹਨਾਂ ਪ੍ਰਾਜੈਕਟਾਂ ਨਾਲ ਭਾਰਤ ਦੀ ਰੂਸ ਤੇ ਨਿਰਭਰਤਾ। ਜੋ ਪ੍ਰਾਜੈਕਟ ਰੂਸ ਦੀ ਮਦਦ ਨਾਲ ਬਣੇ ਹਨ, ਉਹ ਜ਼ਿਆਦਾ ਬੁਨਿਆਦੀ ਅਤੇ ਪੂੰਜੀਵਡ ਖੇਤਰ ਵਿਚ ਹੀ ਹਨ ਅਤੇ ਇਹਨਾਂ ਨਾਲ ਭਾਰਤ ਦੀ ਵਿਦੇਸ਼ਾਂ ਤੇ ਨਿਰਭਰਤਾ ਘਟ ਰਹੀ ਹੈ। ਰੂਸ ਦੀ ਮੱਦਦ ਨਾਲ ਉਸਾਰੇ ਪ੍ਰਾਜੈਕਟਾਂ ਵਿਚੋਂ ਬਹੁਤ ਸਾਰਿਆਂ ਦਾ ਕੱਚਾ ਮਾਲ ਵੀ ਭਾਰਤ ਵਿਚ ਹੀ ਮਿਲਦਾ ਹੈ, ਜਿਵੇਂ ਸਟੀਲ, ਬਿਜਲੀ ਉਤਪਾਦਨ, ਖਾਣਾਂ ਅਤੇ ਖੇਤੀ ਦਾ ਖੇਤਰ ਆਦਿ। ਫਿਰ ਵੀ ਕੁਝ ਇਕ ਪ੍ਰਾਜੈਕਟਾਂ ਦੇ ਖੇਤਰ ਵਿਚ ਰੂਸ ਉਪਰ ਨਿਰਭਰਤਾ ਹੈ ਜਿਵੇਂ ਕਿ ਮਿੱਗ (Mig) ਜਾਂ ਹੋਰ ਜੰਗੀ ਸਾਮਾਨ ਆਦਿ। ਪਰ ਇਹਨਾਂ ਤੋਂ ਇਹ ਸਿੱਟੇ ਨਹੀਂ ਕਢੇ ਜਾ ਸਕਦੇ ਕਿ ਇਸ ਨਾਲ ਭਾਰਤ ਦੀ ਨਿਰਭਰਤਾ ਰੂਸ ਉਪਰ ਬਹੁਤ ਹੈ, ਕਿਉਂਕਿ ਮਿਗ ਫੈਕਟਰੀ ਦੀ ਨਿਰਭਰਤਾ (ਕੱਚੇ ਮਾਲ ਵਾਸਤੇ) ਸਿਰਫ਼ 30 ਪ੍ਰਤੀਸ਼ਤ ਤੋਂ 55 ਪ੍ਰਤੀਸ਼ਤ ਤਕ ਹੀ ਹੈ।[29] ਜੰਗੀ ਸਾਮਾਨ ਦਾ ਕਾਫ਼ੀ ਹਿੱਸਾ ਭਾਰਤ ਵਿਚ ਹੀ ਬਣਦਾ ਹੈ ਅਤੇ ਇਸ ਵਾਸਤੇ ਤਕਨੀਕੀ ਮਦਦ ਭਾਰਤ ਸਿਰਫ਼ ਰੂਸ ਤੇ ਹੀ ਨਿਰਭਰਤਾ ਨਹੀਂ ਕਿਹਾ ਜਾ ਸਕਦਾ। ਰੂਸ ਦੀ ਮੱਦਦ ਨੇ ਭਾਰਤ ਵਿਚੋਂ ਨਿਜੀ ਵਿਦੇਸ਼ੀ ਨਿਵੇਸ਼ ਦੇ ਏਕਾਧਿਕਾਰ ਨੂੰ ਤੇਲ ਉਦਿਯੋਗ, ਤੇਲ ਖੋਜ ਅਤੇ ਦਵਾਈਆਂ ਆਦਿ ਦੇ ਖੇਤਰ ਵਿਚੋਂ ਤੋੜਿਆ ਹੈ।[31] ਇਸ ਤਰ੍ਹਾਂ ਰੂਸੀ ਮੱਦਦ ਨਾਲ ਭਾਰਤ ਵਿਚ ਵਿਦੇਸ਼ੀ ਏਕਾਧਿਕਾਰੀ ਜਕੜ ਵਧਣ ਦੀ ਬਜਾਏ ਘਟੀ ਹੈ।

ਗੁਪਤਾ ਅਨੁਸਾਰ "1969 ਤਕ ਰੂਸੀ ਮੱਦਦ ਨਾਲ 28 ਕਾਰਖਾਨੇ ਲਗੇ" ਪਰ ਇਹ ਸਾਰੇ ਕਾਰਖਾਨੇ ਨਹੀਂ, ਪ੍ਰਾਜੈਕਟ ਹਨ, ਇਹਨਾਂ ਵਿਚੋਂ ਕੁਝ ਤਾਂ ਖੇਤੀ ਦੇ ਖੇਤਰ ਵਿਚ ਹੀ ਹਨ ਜਿਵੇਂ ਸੂਰਤ ਗੜ੍ਹ ਦਾ ਸਟੇਟ ਫਾਰਮ ਅਤੇ ਕੁਝ ਸਟੇਟ ਸੀਡ ਫਾਰਮ ਆਦਿ। ਗੁਪਤਾ ਨੇ ਜੋ ਕਾਰਖਾਨੇ ਫੇਲ੍ਹ ਹੋ ਜਾਣ ਦੀ ਦਲੀਲ ਦਿੱਤੀ ਹੈ ਉਹ ਵੀ ਸਬੂਤ ਰਹਿਤ ਹੈ। ਜਿਨ੍ਹਾਂ ਕਾਰਖਾਨਿਆਂ ਨੂੰ ਫੇਹਲ ਹੋਏ ਦਸਿਆ ਗਿਆ ਹੈ ਉਹ ਚਲ ਰਹੇ ਹਨ।[32] ਰੂਸੀ ਮਦਦ ਨਾਲ ਬਣੇ ਕਾਰਖਾਨਿਆਂ ਦਾ ਮੁਕਾਬਲਾ ਹੋਰ ਦੇਸ਼ਾਂ ਦੀ ਮਦਦ ਨਾਲ ਬਣੇ ਕਾਰਖਾਨਿਆਂ ਨਾਲ ਕਰਦੇ ਹੋਏ ਮਾਰਸ਼ਲ ਗੋਲਡ ਮੈਨ ਨੇ ਕਿਹਾ ਹੈ ਕਿ ਰੂਸੀ ਮਦਦ ਨਾਲ ਬਣੇ ਭਾਰਤੀ ਕਾਰਖਾਨੇ ਹੋਰ ਦੇਸ਼ਾਂ ਦੀ ਮਦਦ ਨਾਲ ਬਣੇ ਕਾਰਖਾਨਿਆਂ ਨਾਲੋਂ ਮੁਕਾਬਲਤਨ ਸਫਲ ਰਹੇ ਹਨ।[33] ਜਿਹਨਾਂ ਪ੍ਰਾਜੈਕਟਾਂ ਵਿਚ ਰੂਸ ਦੀ ਮੱਦਦ ਮਿਲੀ ਹੈ ਉਹ ਭਾਰਤ ਤੇ ਥੋਪੇ ਨਹੀਂ ਗਏ, ਇਹਨਾਂ ਦੀ ਮੰਗ ਭਾਰਤ ਵਲੋਂ ਹੀ ਕੀਤੀ ਗਈ ਸੀ। ਇਹਨਾਂ ਵਿਚੋਂ ਕਈਆਂ ਪ੍ਰਾਜੈਕਟਾਂ ਨੂੰ ਲਾਉਣ ਵਾਸਤੇ ਭਾਰਤ ਵਲੋਂ ਕੀਤੀ ਮੰਗ ਨੂੰ ਪੱਛਮੀ ਦੇਸ਼ਾਂ ਨੇ ਠੁਕਰਾ ਦਿਤਾ ਸੀ।[34]

ਸਾਰੇ ਭਾਰਤ-ਰੂਸ ਵਪਾਰ ਦਾ ਭੁਗਤਾਨ (payment) ਰੁਪਏ ਵਿਚ ਹੁੰਦਾ ਹੈ। ਵਿਦੇਸ਼ੀ ਵਪਾਰ ਦੀਆਂ ਵਸਤੂਆਂ ਦੀਆਂ ਕੀਮਤਾਂ ਅੰਤਰ-ਰਾਸ਼ਟਰੀ ਕੀਮਤਾਂ ਨਾਲ ਜੁੜੀਆਂ ਹੁੰਦੀਆਂ ਹਨ। ਰੂਸੀ ਮਦਦ ਦਾ ਭੁਗਤਾਨ ਵੀ ਭਾਰਤ ਤੋਂ ਵਸਤੂਆਂ ਦੇ ਬਰਾਮਦ ਦੇ ਰੂਪ ਵਿਚ ਹੀ ਹੋਣਾ ਹੈ। ਕਿਉਂਕਿ ਅੰਤਰ-ਰਾਸ਼ਟਰੀ ਮੰਡੀ ਵਿਚ ਭਾਰਤੀ ਬਰਾਮਦਾਂ ਦੀਆਂ ਕੀਮਤਾਂ ਵਧ ਰਹੀਆਂ ਹਨ, ਇਸ ਦਾ ਭਾਵ ਇਹ ਹੈ ਕਿ ਜੇ ਰੂਬਲ ਦੀ ਕੀਮਤ ਭਾਰਤੀ ਰੁਪਏ ਦੇ ਮੁਕਾਬਲੇ ਨਾ ਬਦਲੀ ਜਾਵੇ ਤਾਂ ਰੂਸੀ ਕਰਜੇ ਦੀ ਅਸਲੀ ਕੀਮਤ ਬਰਾਮਦਾਂ ਦੀ ਕੀਮਤ ਵਧਣ ਦੀ ਦਰ ਤੇ ਘਟਦੀ ਜਾਵੇਗੀ। ਬਰਾਮਦਾਂ ਦਾ ਸੂਚਕ ਅੰਕ ਜੇ 1958 ਵਿਚ 100 ਮੰਨ ਲਿਆ ਜਾਵੇ ਤਾਂ 1971-72 ਵਿਚ ਇਹ 180 ਹੋ ਗਿਆ।[35] ਰੂਬਲ ਦੀ ਥੋੜ੍ਹੀ ਜਿਹੀ ਕੀਮਤ ਵਧਣ ਨਾਲ (ਜੋ ਭਾਰਤ ਦੇ ਬਰਾਮਦਾਂ ਦੀਆਂ ਕੀਮਤਾਂ ਦੇ ਵਾਧੇ ਤੋਂ ਘਟ ਹੈ) ਭਾਰਤ ਦੀ ਲੁੱਟ ਨਹੀਂ ਹੁੰਦੀ।

ਗੁਪਤਾ ਨੇ ਇਕ ਹੋਰ ਵਿਚਾਰ (ਬਿਨਾਂ ਸਬੂਤ) ਕਿ ਭਾਰਤ ਨੂੰ ਰੂਸ ਦੀ ਹਰ ਇਕ ਪਾਲਿਸੀ ਅੱਗੇ ਗੋਡੇ ਟੇਕਣੇ ਪੈਂਦੇ ਹਨ, ਪੇਸ਼ ਕੀਤਾ ਹੈ। ਪਰ ਸਟੀਫਨ ਕਲਾਕਸਨ ਅਨੁਸਾਰ ਨਾ ਤਾਂ ਸਿਧਾਂਤ ਵਿਚ ਅਤੇ ਨਾ ਹੀ ਅਮਲ ਵਿਚ ਰੂਸ

ਸਮਾਜਿਕ ਜੀਵਨ ਤੇ ਕੋਈ ਵਰਨਣਯੋਗ ਪ੍ਰਭਾਵ ਪਿਆ ਹੈ ।[36] ਅਜੇ ਹੁਣੇ
ਚਾ ਭਾਰਤੀ ਅਲੀਟ (elite) ਦੀ ਸੋਚ ਜਾਂ ਸਰਕਾਰੀ ਕੰਮਾਂ ਵਿਚ ਕੋਈ ਵਰਨਣਯੋਗ ਪ੍ਰਭਾਵ ਪਿਆ ਹੈ ।[36] ਅਜੇ ਹੁਣੇ
ਹੁਣੇ ਹੀ ਭਾਰਤ ਨੇ ਰੂਸ ਦੀ ਮਰਜ਼ੀ ਦੇ ਖਿਲਾਫ਼ ਲੰਕਾ ਦੇ ਯੂ. ਐਨ. ਓ. ਵਿਚ ਹਿੰਦ ਮਹਾਂ ਸਾਗਰ ਨੂੰ ਵਿਦੇਸ਼ੀ ਦਖਲ
ਤੋਂ ਮੁਕਤ ਰਖਣ ਦੇ ਰੈਜ਼ੂਲੇਸ਼ਨ ਦੀ ਹਮਾਇਤ ਕੀਤੀ ਹੈ ।[37]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਪਤਾ ਨੇ ਭਾਰਤ-ਰੂਸ ਆਰਥਕ ਸਬੰਧਾਂ ਤੋਂ ਜੋ ਨਤੀਜੇ ਕਢੇ ਹਨ, ਉਹ ਗਲਤ ਹਨ । ਇਹ ਗੰਭੀਰਤਾ ਨਾਲ ਕੀਤੇ ਵਿਸਥਾਰ-ਪੂਰਵਕ ਅਧਿਅਨ ਤੇ ਅਧਾਰਤ ਨਹੀਂ ਹਨ । ਇਹ ਸਿਰਫ ਉਦਾਹਰਣਾਂ ਤੋਂ ਹੀ ਕੱਢੇ ਗਏ ਨਤੀਜੇ ਹਨ । ਇਸੇ ਤਰ੍ਹਾਂ ਗੁਪਤਾ ਨੇ ਰੂਸ ਦੁਆਰਾ ਅਰਬਾਂ ਦੀ ਲੁੱਟ ਦੀ ਦਲੀਲ ਦਿਤੀ ਹੈ, ਪਰ ਇਸ ਦੀ ਰੂਸ ਦੇ ਇਨ੍ਹਾਂ ਦੇਸਾਂ ਨਾਲ ਸਮੁੱਚੇ ਆਰਥਕ ਸਬੰਧਾਂ ਤੇ ਅਧਾਰਤ ਵਿਆਖਿਆ ਨਹੀਂ ਕੀਤੀ । ਉਸ ਨੇ ਰੂਸ ਦੇ ਪਛਮੀ ਦੇਸ਼ਾਂ ਨਾਲ ਸਬੰਧਾਂ ਦਾ ਅਧਿਅਨ ਵੀ ਇਕ ਦੋ ਅਖੌਤੀ ਉਦਾਹਰਣਾਂ ਦੇ ਅਧਾਰ ਤੇ ਹੀ ਕੀਤਾ ਹੈ ।

ਕੁਝ ਕੁ ਉਦਾਹਰਣਾਂ (ਜੋ ਕਿ ਸਬੂਤ ਬਿਨਾਂ ਦਿਤੀਆਂ ਹੋਣ) ਨੂੰ ਦਲੀਲ ਦੇ ਰੂਪ ਵਿਚ ਪੇਸ਼ ਕਰਕੇ ਉਹਨਾਂ ਤੋਂ ਸਿਟੇ ਕੱਢਣਾ ਠੀਕ ਨਹੀਂ ਹੈ । ਇਹ ਜਲਦਬਾਜੀ ਨਾਲ ਪਹਿਲਾਂ ਹੀ ਮੰਨੇ ਕਿਸੇ ਨਤੀਜੇ ਤੇ ਵਿਚਾਰ ਦੀ ਗੈਰ ਵਿਗਿਆਨੀ ਢੰਗ ਨਾਲ ਪੁਸ਼ਟੀ ਕਰਨਾ ਹੈ । ਇਸ ਦੇ ਇਲਾਵਾ ਸਿਰਫ ਵਿਦੇਸ਼ੀ ਆਰਥਿਕ ਸਬੰਧਾਂ ਨੂੰ ਲੈ ਕੇ ਅਤੇ ਬਾਕੀ ਪੱਖਾਂ ਨੂੰ ਛੱਡ ਕੇ ਰੂਸ ਨੂੰ ਸਮਾਜਿਕ ਸਾਮਰਾਜ ਸਿਧ ਕਰਨ ਦੀ ਕੋਸ਼ਿਸ਼ ਕਰਨਾ ਵਿਸ਼ਲੇਸ਼ਣ ਦਾ ਡਾਇਲੈਕਟੀਕਲ ਢੰਗ ਨਹੀਂ ਹੈ । ਗੁਪਤਾ ਦੇ ਅਧਿਅਨ ਦਾ ਤੇ ਲਿਖਤ ਦਾ ਘੇਰਾ ਇਤਨਾ ਤੰਗ ਹੈ ਕਿ ਇਸ ਤੋਂ ਕੁਝ ਵੀ ਸਾਬਤ ਨਹੀਂ ਕੀਤਾ ਜਾ ਸਕਦਾ ।

ਰੂਸ ਦੀ ਭਾਰਤ ਦੀ ਉੱਭਰ ਰਹੀ ਪੂੰਜੀਵਾਦੀ ਆਰਥਿਕਤਾ (emerging capitalist economy) ਨੂੰ ਦਿਤੀ ਮਦਦ ਨੇ ਭਾਰਤ ਦੀ ਲੁੱਟ ਖਸੁੱਟ ਨਹੀਂ ਕੀਤੀ ਸਗੋਂ ਭਾਰਤ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਇਸ ਦੀ ਯੂਰਪੀਨ ਸਰਮਾਏਦਾਰ ਦੇਸ਼ਾਂ ਤੇ ਮੁਕਾਬਲਤਨ ਨਿਰਭਰਤਾ ਨੂੰ ਘਟਾਉਣ ਵਿਚ ਮਦਦ ਕੀਤੀ ਹੈ । ਪਰ ਅਜਿਹੀ ਮਦਦ ਪੂਰੀ ਤਰ੍ਹਾਂ ਭਾਰਤ ਦੀ ਆਰਥਿਕਤਾ ਦੀ ਸਰਮਾਏਦਾਰੀ ਵਿਦੇਸ਼ੀ ਮਦਦ ਤੋਂ ਨਿਰਭਰਤਾ ਨੂੰ ਖਤਮ ਨਹੀਂ ਕਰ ਸਕਦੀ । ਰੂਸ ਦੀ ਭਾਰਤ ਨੂੰ ਦਿਤੀ ਆਰਥਿਕ ਮਦਦ ਦਾ ਨੈਗੇਟਿਵ ਰੋਲ (negative role) ਇਹ ਨਹੀਂ ਕਿ ਇਸ ਨੇ ਭਾਰਤ ਦੀ ਆਰਥਿਕਤਾ ਨੂੰ ਲੁਟਿਆ ਹੈ ਸਗੋਂ ਇਹ ਨੈਗੇਟਿਵ ਰੋਲ ਇਸ ਕਰ ਕੇ ਹੈ ਕਿ ਇਸ ਮਦਦ ਨਾਲ ਭਾਰਤ ਦੀ ਉੱਭਰ ਰਹੀ ਪੂੰਜੀਵਾਦੀ ਆਰਥਿਕਤਾ ਕੁਝ ਹੋਰ ਮਜ਼ਬੂਤ ਹੋਈ ਹੈ । ਇਵੇਂ ਭਾਰਤ ਦੀਆਂ ਰਾਜ ਕਰ ਰਹੀਆਂ ਪੂੰਜੀਵਾਦੀ ਜਮਾਤਾਂ (Bourgeois classes) ਨੂੰ ਕੁਝ ਕੁ ਸਿਆਸੀ ਸਥਿਰਤਾ ਮਿਲੀ ਹੈ । ਰੂਸ ਦੀ ਆਰਥਿਕ ਮਦਦ ਤੋਂ ਬਿਨਾਂ ਅੱਜ ਭਾਰਤ ਦੀਆਂ ਹੁਕਮਰਾਨ ਜਮਾਤਾਂ ਦੀ ਪੁਜੀਸ਼ਨ ਹੋਰ ਜ਼ਿਆਦਾ ਡਾਵਾਂਡੋਲ ਹੁੰਦੀ । ਭਾਰਤ ਦੀ ਪੂੰਜੀਵਾਦੀ ਆਰਥਿਕਤਾ ਦਾ ਮਜ਼ਬੂਤ ਹੋਣਾ ਅਤੇ ਇਸ ਦੀ ਮਜ਼ਬੂਤੀ ਕਰਨਾ ਕੀ ਰੂਸ ਦਾ ਇਕ ਇਨਕਲਾਬੀ ਰੋਲ ਹੈ ?

## REFERENCE


1. SARDAL (Amritsar), November, 1974.
2. Lenin V.I., Selected Works, Moscow, 1971, p. 167.
3. Ibid., p. 233.
4. Ibid., p. 228-230.
5. Ibid., p. 259.
6. Terms of Trade : $\frac{\text{Index of average unit value of exports.}}{\text{Index of average unit value of imports.}}$
7. Lenin, V.I., Selected Works, Moscow, 1971, p. 239.
8. Lenin, V.I., Collected Works, Volume 29, Moscow, 1965, p. 502.
9. Lenin, V.I., Selected Works, Moscow, 1971, p. 164.
10. Lenin, V.I., Collected Works, Vol. 29, Moscow, 1965, p. 502.
11. The Chinese call Soviet Union, Social Imperialist. According to them capitalism got restored in the form of state capitalism with the coming of Khureshchev into

power in Soviet Union (See economic and Political Weekly, Bombay, March 24, 1973, p. 605). But to Trotskytes capitalism got restored in the Soviet Union in the form of 'Bureaucratic State Capitalism' in 1929. (See Economic and Politicaly Weekly, Annual 1974, p. 263).
12. SARDAL (Amritsar), November, 1974.
13. Chishti, Sumitra, India's Trade with East Europe, New Delhi, 1974, Chapter V.
14. Datar, Asha, L., India's Economic Relations with the USSR and East Europe 1953-69, Cambridge University Press, 1972, p. 256.
15. Indian Economic Journal (Bombay), December, 1973, p. 75-89.
16. Economic and Political Weekly (Bombay), December 1, 1973, p. 2141-2150.
17. Datar, Asha, L., India's Economic Relations with the USSR and East Europe, 1953-69, Cambridge University Press, 1972, p. 156-57.
18. Eastern Economist (New Delhi), Annual Number, 1974, p. 1255.
19. Chishti, Sumitra, India's Trade with East Europe, New Delhi, 1974, Chapter IV.
20. That part of Indian exports to the USSR which it (USSR) exports to other countries.
21. Datar, Asha L., Ihdia's Economic Relations with the USSR and the East Europe, 1953-59, p. 161.
22. SARDAL (Amritsar), November, 1974.
23. Indian Economic Journal Bombay, December, 1973.
24. Economic and Political Weekly, Bombay, July 21, 1973, p. 1263-64.
25. Bank of England, Quarterly Bulletin, June, 1973, p. 254.
26. Datar, Asha L., India's Economic Relations with the USSR and the East Europe, 1953-69, p. 68.
27. SARDAL (Amritsar), November, 1974.
28. Datar, Asha L., India's Economic relations with the USSR and the East Europe, 1953-69, p. 64.
29. Mehra, O.P., Statemet at the Annual General Meeting of H.A.L., Bangalore, September 27, 1972, p. 6.
30. People's Power (Quarterly, Bombay), August, 1973, p. 5.
31. Datar, Asha L., India's Economic Relations with the USSR and the East Europe, 1953-69, p. 29.
32 Mukherjee, Sudhan: 'Who Really aids India'. Communist Party Publication (CPI), New Delhi, 1972.
33. Goldman, Marshall, Soviet Foreign Aid, New York, 1979, p. 100-101.
34. Eldridge, P.J., Politics of Foreign Aid in India (New Delhi), 1969, p. 63. Also see Datar, Asha L., India's Economic Relations with the USSR and the East Europe, 1953-69, p. 69-73.
35. Eastern Economist (New Delhi), Annual Number, 1974, p. 1400-1401.
36. Economic and Pol. Weekly (Bombay), April 14, 1973, p. 716.
37. Economic and Pol. Weekly (Bombay), Nov. 17, 1973, p. 2064.

---

ਇਕ ਰਿਪੋਰਟ—

# ਨੌਜਵਾਨ ਭਾਰਤ ਸਭਾ ਦਾ ਪਹਿਲਾ ਵਿਸ਼ੇਸ਼ ਸੂਬਾਈ ਡੈਲੀਗੇਟ ਅਜਲਾਸ

ਦੇਸ਼ ਦੀਆਂ ਮੌਜੂਦਾ ਹਾਲਤਾਂ ਵਿਚ ਆਪਣੇ ਮੋਢਿਆਂ ਤੇ ਪਈਆਂ ਭਾਰੀ ਜ਼ਿੰਮੇਵਾਰੀਆਂ ਨਿਭਾਉਣ ਲਈ ਨੌਜਵਾਨ ਭਾਰਤ ਸਭਾ ਸਾਹਮਣੇ ਸਭ ਤੋਂ ਪਹਿਲਾ ਕੰਮ, ਆਪਣੀ ਪਤਲੀ ਜਥੇਬੰਦਕ ਹਾਲਤ ਵਿਚ ਸੁਧਾਰ ਕਰਕੇ ਆਪਣੇ ਆਪ ਨੂੰ ਪੱਕੇ ਪੈਰੀਂ ਕਰਨਾ ਹੈ। ਪਿਛਲੇ ਅਰਸੇ ਦੌਰਾਨ ਪੰਜਾਬ ਵਿਚ ਨੌਜਵਾਨ ਭਾਰਤ ਸਭਾ ਦੀਆਂ ਇਕਾਈਆਂ ਖਿਲਰੀ ਪੁਲਰੀ ਹਾਲਤ ਵਿਚ ਕੰਮ ਕਰਦੀਆਂ ਰਹੀਆਂ ਹਨ। ਇਸੇ ਹਾਲਤ ਵਿਚ ਕੰਮ ਕਰਦਿਆਂ ਹੋਇਆਂ ਪੇਂਡੂ ਨੌਜਵਾਨਾਂ ਨੂੰ ਵੱਡੀ ਪੱਧਰ ਤੇ ਲਾਮਬੰਦ ਕਰਨ ਅਤੇ ਲੰਮੇ ਖਾੜਕੂ ਘੋਲਾਂ ਵਿਚ ਪਾਉਣ ਦੇ ਕਾਰਜ ਨੂੰ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ। ਇਸ ਲਈ ਸਮੇਂ ਦੀ ਲੋੜ ਤੇ ਪੂਰਾ ਉਤਰਨ ਲਈ ਜ਼ਰੂਰੀ ਸੀ ਕਿ ਇਸ ਬੇਹੱਦ ਕਮਜ਼ੋਰੀ ਵਾਲੀ ਹਾਲਤ ਨੂੰ ਖਤਮ ਕਰਕੇ, ਪੰਜਾਬ ਭਰ ਦੀਆਂ ਸਭਾਵਾਂ ਨੂੰ ਇਕ ਸਾਂਝੀ ਲੜੀ ਵਿਚ ਪਰੋ ਕੇ ਮਜ਼ਬੂਤ ਜਥੇਬੰਦਕ ਏਕਤਾ ਉਸਾਰੀ ਜਾਵੇ। ਇਸ ਮੰਤਵ ਦੀ ਪੂਰਤੀ ਲਈ ਅੰਮ੍ਰਿਤਸਰ ਦੀ ਜ਼ਿਲ੍ਹਾ ਐਡਹਾਕ ਕਮੇਟੀ ਦੀ ਪਹਿਲਕਦਮੀ ਅਤੇ ਸੱਦੇ 'ਤੇ, ਪੰਜਾਬ ਭਰ ਦੇ 27 ਇਲਾਕਾ ਪ੍ਰਧਾਨਾਂ/ਕਨਵੀਨਰਾਂ ਦੀ ਇਕ ਵਿਸ਼ੇਸ਼ ਮੀਟਿੰਗ, 8 ਅਕਤੂਬਰ ਨੂੰ ਅੰਮ੍ਰਿਤਸਰ ਵਿਖੇ ਹੋਈ। ਇਸ ਮੀਟਿੰਗ ਵਿਚ ਡੂੰਘੀ ਬਹਿਸ ਵਿਚਾਰ ਤੋਂ ਬਾਅਦ, ਜਥੇਬੰਦੀ ਦੀ ਇਸ ਖਿਲ੍ਹ ਖਲਾਰੇ ਵਾਲੀ ਹਾਲਤ ਨੂੰ ਸੁਧਾਰਨ ਲਈ, ਥੋੜ੍ਹੇ ਸਮੇਂ ਦੇ ਅੰਦਰ ਸੂਬਾਈ ਅਜਲਾਸ ਬੁਲਾਉਣ ਬਾਰੇ ਸਹਿਮਤੀ ਪਰਗਟ ਕੀਤੀ ਗਈ। ਅਜਲਾਸ ਬੁਲਾਉਣ ਦੇ ਇਸ ਅਹਿਮ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਉਸੇ ਮੀਟਿੰਗ ਵਿਚ ਚੁਣੀ ਗਈ ਆਰਜ਼ੀ ਸੂਬਾ ਜਥੇਬੰਦਕ ਕਮੇਟੀ ਨੂੰ ਸੌਂਪੀ ਗਈ।

ਇਸ ਸੂਬਾ ਜਥੇਬੰਦਕ ਕਮੇਟੀ ਦੀਆਂ ਕੋਸ਼ਿਸ਼ਾਂ ਸਦਕਾ, ਨੌ: ਭਾ: ਸਭਾ ਦੀ ਮੁੜ-ਸੁਰਜੀਤੀ ਤੋਂ ਬਾਅਦ ਪਹਿਲਾ ਵਿਸ਼ੇਸ਼ ਸੂਬਾਈ ਡੈਲੀਗੇਟ ਅਜਲਾਸ, 14-15 ਦਸੰਬਰ ਨੂੰ ਖਾਲੜਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੋਇਆ। ਇਸ ਅਜਲਾਸ ਵਿਚ ਪੰਜਾਬ ਦੇ ਵੱਖੋ ਵੱਖਰੇ ਭਾਗਾਂ ਵਿਚ ਕੰਮ ਕਰ ਰਹੀਆਂ ਨੌ: ਭਾ: ਸਭਾ ਦੀਆਂ ਇਲਾਕਾ ਕਮੇਟੀਆਂ ਦੇ ਨੁਮਾਇੰਦਿਆਂ (ਡੈਲੀਗੇਟਾਂ ਅਤੇ ਦਰਸ਼ਕਾਂ) ਤੋਂ ਇਲਾਵਾ, ਭਰਾਤਰੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਡੈਲੀਗੇਸ਼ਨ ਨੇ ਵੀ ਹਿੱਸਾ ਲਿਆ।

ਖਾਲੜਾ ਅਜਲਾਸ ਵਿਚ ਜੁੜੇ ਨੌਜਵਾਨਾਂ ਨੇ, ਨੌ: ਭਾ: ਸਭਾ ਨਾਲ ਸਬੰਧਤ ਮਹੱਤਵ-ਪੂਰਨ ਮਸਲਿਆਂ ਤੇ ਲਗਾਤਾਰ 30 ਘੰਟਿਆਂ ਦੀ ਲੰਮੀ ਅਤੇ ਗੰਭੀਰ ਬਹਿਸ ਵਿਚ ਦਿਲਚਸਪੀ ਨਾਲ ਹਿੱਸਾ ਲੈ ਕੇ, ਆਪਣੀ ਤਿੱਖੀ ਸੂਝ, ਲਗਨ ਅਤੇ ਜ਼ੁੰਮੇਵਾਰੀ ਦਾ ਸਬੂਤ ਦਿਤਾ ਹੈ।

ਸਭ ਤੋਂ ਪਹਿਲਾਂ, ਲੋਕ-ਹਿਤਾਂ ਲਈ ਲੜਦੇ ਹੋਏ ਆਪਣੀਆਂ ਕੀਮਤੀ ਜਾਨਾਂ ਕੌਮ ਦੇ ਲੇਖੇ ਲਾ ਜਾਣ ਵਾਲੇ ਸ਼ਹੀਦ ਸੂਰਮਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਸ ਤੋਂ ਬਾਅਦ ਸ਼ਹੀਦ ਭਗਤ ਸਿੰਘ ਹਾਲ ਵਿਚ ਖਾੜਕੂ ਨਾਹਰਿਆਂ ਦੀ ਗੂੰਜ ਨਾਲ ਅਜਲਾਸ ਦੀ ਬਾਕਾਇਦਾ ਕਾਰਵਾਈ ਸ਼ੁਰੂ ਕੀਤੀ ਗਈ।

ਪਹਿਲੀ ਬੈਠਕ ਵਿਚ ਸੂਬਾ ਜਥੇਬੰਦਕ ਕਮੇਟੀ ਨੇ, ਨੌ: ਭਾ: ਸਭਾ ਦੀਆਂ ਪਿਛਲੀਆਂ ਸਰਗਰਮੀਆਂ ਦੀ ਲਿਖਤੀ ਰੀਪੋਰਟ ਪੇਸ਼ ਕੀਤੀ। ਮਹੱਤਵ ਪੂਰਨ ਨੁਕਤਿਆਂ ਤੇ ਤਿੱਖੀ ਅਤੇ ਭਰਵੀਂ ਬਹਿਸ ਵਿਚਾਰ ਤੋਂ ਬਾਅਦ, ਕੁਝ ਕੁ ਤਰਮੀਮਾਂ ਅਤੇ ਵਾਧਿਆਂ ਨਾਲ ਰੀਪੋਰਟ ਪਾਸ ਕੀਤੀ ਗਈ।

ਦੂਜੀ ਬੈਠਕ ਵਿਚ ਨੌ: ਭਾ: ਸਭਾ ਦੇ ਐਲਾਨ-ਨਾਮੇ ਅਤੇ ਵਿਧਾਨ ਦੇ ਖਰੜੇ ਉਪਰ ਵਿਚਾਰ ਵਟਾਂਦਰਾ ਹੋਇਆ। ਸੂਬਾ ਜਥੇਬੰਦਕ ਕਮੇਟੀ ਵਲੋਂ ਐਲਾਨ ਨਾਮੇ ਵਿਚ ਕੁਝ ਵਾਧੇ ਅਤੇ ਤਰਮੀਮਾਂ ਪੇਸ਼ ਕੀਤੀਆਂ ਗਈਆਂ। ਲੰਮੀ ਵਿਆਖਿਆ ਅਤੇ ਸਪਸ਼ਟੀਕਰਨਾਂ ਤੋਂ ਬਾਅਦ ਐਲਾਨ ਨਾਮੇ ਨੂੰ ਪਾਸ ਕਰਕੇ ਅੰਤਮ ਰੂਪ ਦਿਤਾ ਗਿਆ। ਸੂਬਾ ਜਥੇਬੰਦਕ ਕਮੇਟੀ ਵਲੋਂ ਨਵਾਂ ਸੋਧਿਆ ਹੋਇਆ ਵਿਧਾਨ ਪੇਸ਼ ਕੀਤਾ ਗਿਆ। ਇਸ ਵਿਧਾਨ ਉਪਰ ਬਹੁਤ ਤਿੱਖੀ ਅਤੇ ਗੰਭੀਰ ਬਹਿਸ ਹੋਈ। ਕੁਝ ਮਾਮੂਲੀ ਵਾਧਿਆਂ ਘਾਟਿਆਂ ਤੋਂ ਬਾਅਦ ਭਾਰੀ ਬਹੁਮਤ ਨਾਲ ਵਿਧਾਨ ਪਾਸ ਕੀਤਾ ਗਿਆ।

ਤੀਜੀ ਅਤੇ ਆਖਰੀ ਬੈਠਕ ਵਿਚ ਆਮ ਮਸਲਿਆਂ ਤੇ ਵਿਚਾਰ ਕੀਤੀ ਗਈ। ਸੂਬਾ ਜਥੇਬੰਦਕ ਕਮੇਟੀ ਵਲੋਂ 'ਮੌਜੂਦਾ ਹਾਲਤ ਅਤੇ ਨੌਜਵਾਨ ਲਹਿਰ' ਦੇ ਸਿਰਲੇਖ ਹੇਠ ਇਕ ਮਤਾ ਪੇਸ਼ ਕੀਤਾ ਗਿਆ। ਇਸ ਮਤੇ ਵਿਚ ਕੌਮ-ਧਰੋਹੀ

ਕਾਂਗਰਸ ਸਰਕਾਰ ਦੀਆਂ ਲੋਕ-ਦੋਖੀ ਨੀਤੀਆਂ ਕਾਰਨ ਪੈਦਾ ਹੋਈ ਹਾਲਤ ਬਾਰੇ ਦੱਸਿਆ ਗਿਆ। ਮੌਜੂਦਾ ਲੋਕ-ਉਭਾਰ
ਨੂੰ ਗੁਮਰਾਹ ਕਰ ਕੇ ਕਾਂਗਰਸ ਸਰਕਾਰ ਦੇ ਹੱਕ ਵਿਚ ਭੁਗਤਾਉਣ ਲਈ ਸੱਜੀ ਕਮਿਊਨਿਸਟ ਪਾਰਟੀ ਵਲੋਂ ਜੋ ਹਥਕੰਡੇ
ਵਰਤੇ ਜਾ ਰਹੇ ਹਨ, ਉਹਨਾਂ ਦੀ ਵਿਆਖਿਆ ਕਰ ਕੇ ਸੀ. ਪੀ. ਆਈ. ਦੇ ਗੱਦਾਰੀ ਭਰੇ ਸ਼ਰਮਨਾਕ ਰੋਲ ਨੂੰ ਨੰਗਾ
ਕੀਤਾ ਗਿਆ। ਨਾਲ ਹੀ ਹੋਰਨਾਂ ਮੌਕਾ ਤਾੜੂ ਸਿਆਸੀ ਪਾਰਟੀਆਂ ਦੇ ਖਾਸੇ ਬਾਰੇ ਅਤੇ ਉਹਨਾਂ ਵਲੋਂ ਹਕੂਮਤੀ ਕੁਰਸੀਆਂ
ਤੇ ਕਾਬਜ਼ ਹੋਣ ਲਈ ਕੀਤੀ ਜਾ ਰਹੀ ਪਖੰਡੀ ਨਾਹਰੇਬਾਜ਼ੀ ਦੀ ਅਸਲੀਅਤ ਨੂੰ ਸਾਬਤ ਦੀ ਮਹੱਤਤਾ ਤੇ ਜ਼ੋਰ ਦਿਤਾ
ਗਿਆ। ਇਹਨਾਂ ਮਿਆਦ ਪੁਗਾ ਚੁਕੀਆਂ ਬੁਢਤੀਆਂ ਲੋਟੂ ਪਾਰਟੀਆਂ ਨੂੰ ਸਮੇਂ ਨੇ ਰੱਦੀ ਦੀ ਟੋਕਰੀ ਵਿਚ ਸੁਟ ਦਿਤਾ
ਹੈ। ਇਸ ਲਈ ਅਜਿਹੇ ਸਮੇਂ ਵਿਚ ਲੋਕ-ਘੋਲਾਂ ਨੂੰ ਸਹੀ ਸੇਧ ਅਤੇ ਅਗਵਾਈ ਦੇਣ ਲਈ ਜ਼ਰੂਰੀ ਹੈ ਕਿ ਸਾਰੀਆਂ ਦੇਸ਼-ਪੱਖੀ
ਲੋਕ ਸ਼ਕਤੀਆਂ, ਮੁਲਕ ਦੇ ਸਿਰੋਂ ਚੋਰ-ਗੁਲਾਮੀ (disguised slavery) ਦੇ ਕਲੰਕ ਨੂੰ ਲਾਹ ਮਾਰਨ ਲਈ ਇਕ ਇਹੋ ਜਿਹਾ
ਕੌਮ-ਪੱਖੀ ਪ੍ਰੋਗਰਾਮ ਪੇਸ਼ ਕਰਨ ਜਿਸ ਅਨੁਸਾਰ ਦੇਸ਼ ਦੇ ਅੰਦਰੂਨੀ ਭ੍ਰਿਸ਼ਟਾਚਾਰ ਤੇ ਬਦੇਸ਼ੀ ਗਲਬੇ ਦੀ ਦੂਹਰੀ ਜਕੜ ਨੂੰ ਤੋੜਿਆ
ਜਾ ਸਕੇ ਅਤੇ ਇਸ ਤਰ੍ਹਾਂ ਕੌਮੀ ਸ਼ਹੀਦਾਂ ਦਾ ਆਜ਼ਾਦ ਅਤੇ ਖੁਸ਼ਹਾਲ ਭਾਰਤ ਦਾ ਸੁਨਹਿਰੀ ਸੁਪਨਾ ਸਾਕਾਰ ਕੀਤਾ ਜਾ ਸਕੇ।
ਕੌਮੀ ਸ਼ਹੀਦਾਂ ਦੇ ਨਾਂ ਅਤੇ ਮਿਸ਼ਨ ਨੂੰ ਅਪਣਾ ਕੇ ਤੁਰੀ ਨੌਜਵਾਨ ਭਾਰਤ ਸਭਾ ਆਪਣੇ ਆਪ ਨੂੰ ਮੌਕਾ ਤਾੜੂ ਸਿਆਸੀ
ਪਾਰਟੀਆਂ ਦੇ ਪ੍ਰੋਗਰਾਮ ਅਤੇ ਘੋਲਾਂ ਨਾਲ ਨੱਥੀ ਕਰਨ ਦੀ ਬਜਾਏ, ਆਪਣੀ ਖੁਦਮੁਖਤਿਆਰੀ ਅਤੇ ਆਜ਼ਾਦ ਹਸਤੀ
ਬਰਕਰਾਰ ਰਖਦਿਆਂ ਉਪਰ ਦਸੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਜੂਝ ਰਹੇ ਹੋਰਨਾਂ ਤਬਕਿਆਂ ਦੀਆਂ ਲੋਕ-ਪੱਖੀ ਜਥੇਬੰਦੀਆਂ
ਨਾਲ ਸੰਗਰਾਮੀ ਏਕਤਾ ਉਸਾਰ ਕੇ, ਲੋਕ-ਘੋਲਾਂ ਨੂੰ [illegible] ਮੌਕਾ ਤਾੜੂ ਹੱਥਾਂ ਵਿਚ ਰੱਖ ਕੇ ਸਹੀ ਅਤੇ [illegible]
ਅਗਵਾਈ ਮੁਹੱਈਆ ਕਰਨ ਦੀ ਨੀਤੀ ਤੇ ਅਮਲ ਕਰੇਗੀ। ਸਰਬ-ਸੰਮਤੀ ਨਾਲ ਇਹ ਮਤਾ ਪਾਸ ਕਰ ਲਿਆ ਗਿਆ।

ਇਕ ਮਤੇ ਰਾਹੀਂ ਮਾਨਸਾ, ਬੁਢਲਾਡਾ, ਬਰਨਾਲਾ ਅਤੇ ਬਠਿੰਡੇ ਵਿਚ ਪੁਲਸ ਵਲੋਂ ਨੌਜਵਾਨ ਭਾਰਤ ਸਭਾ ਦੇ
ਵਰਕਰਾਂ ਉਪਰ ਕੀਤੇ ਜਾ ਰਹੇ ਤਸ਼ੱਦਦ ਦੀ ਸਖਤ ਨਿਖੇਧੀ ਕੀਤੀ ਗਈ। ਖਾਸ ਕਰ ਮਾਨਸਾ ਅਤੇ ਬੁਢਲਾਡਾ ਦੇ ਸਾਥੀਆਂ
ਉਪਰ ਢਾਹੇ ਜਾ ਰਹੇ ਵਹਿਸ਼ੀਆਨਾ ਤਸ਼ੱਦਦ ਦਾ ਗੰਭੀਰ ਨੋਟਿਸ ਲਿਆ ਗਿਆ ਅਤੇ ਸਰਕਾਰ ਨੂੰ ਉਸ ਦੀਆਂ ਆਪਹੁਦਰੀਆਂ
ਲੋਕ-ਮਾਰੂ ਨੀਤੀਆਂ ਤੋਂ ਪੈਦਾ ਹੋਣ ਵਾਲੇ ਸਿੱਟਿਆਂ ਬਾਰੇ ਸੁਚੇਤ ਕਰਵਾਉਣੀ ਦਿਤੀ ਗਈ।

ਇਕ ਮਤੇ ਰਾਹੀਂ ਵਾਹੀਕਾਰਾਂ ਵਲੋਂ ਨਹਿਰੀ ਪਾਣੀ ਦੀਆਂ ਦਰਾਂ ਲਈ ਲੜੇ ਜਾ ਰਹੇ ਹੱਕੀ ਅੰਦੋਲਨ ਦੀ ਦਿਲੋਂ
ਹਮਾਇਤ ਦਾ ਐਲਾਨ ਕੀਤਾ ਗਿਆ ਅਤੇ 26 ਨਵੰਬਰ ਨੂੰ ਬਠਿੰਡੇ ਵਿਖੇ ਦੇਸੀ ਅਤੇ ਬਦੇਸ਼ੀ (ਖਾਸ ਕਰ ਕੇ ਰੂਸੀ ਸਾਮਰਾਜੀ)
ਲੁਟੇਰਿਆਂ ਵਲੋਂ ਹੋ ਰਹੀ ਨਰਮੇ ਦੀ ਅੰਨ੍ਹੀ ਲੁੱਟ-ਖਸੁੱਟ ਵਿਰੁਧ ਵਿਖਾਵਾ ਕਰ ਰਹੇ ਪੰਜਾਬ ਵਾਹੀਕਾਰਾਂ, ਯੂਨੀਅਨ ਅਤੇ
ਨੌਜਵਾਨ ਭਾਰਤ ਸਭਾ ਦੇ ਵਰਕਰਾਂ ਉਪਰ ਅੰਨ੍ਹੇ ਲਾਠੀਚਾਰਜ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਗ੍ਰਿਫਤਾਰ ਕੀਤੇ
ਗਏ ਵਿਅਕਤੀਆਂ ਨੂੰ ਤੁਰੰਤ ਰਿਹਾ ਕਰਨ ਅਤੇ ਝੂਠੇ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ।

ਇਕ ਹੋਰ ਮਤੇ ਰਾਹੀਂ ਪੰਜਾਬ ਦੇ ਸੰਘਰਸ਼ੀ ਵਿਦਿਆਰਥੀਆਂ ਦੀਆਂ ਹੱਕੀ ਮੰਗਾਂ ਦੀ ਹਮਾਇਤ ਕੀਤੀ ਅਤੇ
ਉਹਨਾਂ ਉਪਰ ਕੀਤੇ ਜਾ ਰਹੇ ਸਰਕਾਰੀ ਤਸ਼ੱਦਦ ਦੀ ਨਿਖੇਧੀ ਕੀਤੀ ਗਈ। ਆਪਣੀਆਂ ਹੱਕੀ ਮੰਗਾਂ ਲਈ ਜੂਝਦੇ
ਵਿਦਿਆਰਥੀਆਂ ਉਪਰ ਪਾਏ ਗਏ ਝੂਠੇ ਕੇਸਾਂ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ।

ਅਜਲਾਸ ਵਲੋਂ ਕਾਲੀਆਂ ਸਾਮਰਾਜੀ ਤਾਕਤਾਂ ਵਿਰੁਧ ਜੂਝ ਰਹੇ ਦੁਨੀਆਂ ਭਰ ਦੇ ਨੌਜਵਾਨਾਂ ਅਤੇ ਲੋਕਾਂ
(ਖਾਸ ਕਰ ਕੇ ਹਿੰਦ-ਚੀਨੀ ਦੇਸ਼ਾਂ ਦੇ ਲੋਕਾਂ) ਅਤੇ ਫਲਸਤੀਨੀ ਨੌਜਵਾਨਾਂ) ਨੂੰ ਉਹਨਾਂ ਦੀਆਂ ਸ਼ਾਨਦਾਰ ਜਿੱਤਾਂ ਤੇ ਵਧਾਈ
ਦਿਤੀ ਗਈ।

ਅਖੀਰ ਵਿਚ ਨਵੀਂ ਸੂਬਾ ਜਥੇਬੰਦਕ ਕਮੇਟੀ ਦੀ ਚੋਣ ਕੀਤੀ। ਜਥੇਬੰਦੀ ਦੀ ਮੌਜੂਦਾ ਹਾਲਤ ਅਤੇ ਕੰਮ ਨੂੰ
ਧਿਆਨ 'ਚ ਰੱਖਦੇ ਹੋਏ, ਹਾਲ ਦੀ ਘੜੀ ਪੰਜਾਬ [illegible] ਰਿਜਨਾਂ (ਅੰਮ੍ਰਿਤਸਰ, ਤਰਨਤਾਰਨ, ਜਲੰਧਰ, ਮੋਗਾ, ਬਠਿੰਡਾ
ਮਾਨਸਾ, ਸੰਗਰੂਰ ਅਤੇ ਮੁਕਤਸਰ) ਵਿਚ ਵੰਡ ਕੀਤੀ ਗਈ। ਸੂਬਾ ਜਥੇਬੰਦਕ ਕਮੇਟੀ ਥੋੜੇ ਸਮੇਂ ਵਿਚ ਹੀ ਇਹਨਾਂ ਰਿਜਨਾਂ
ਦੀਆਂ ਚੋਣਾਂ ਕਰਵਾ ਕੇ, ਆਪਣੀ ਥਾਂ ਇਹਨਾਂ ਰਿਜਨ ਸਕੱਤਰਾਂ ਤੇ ਆਧਾਰਤ ਸੂਬਾ ਜਥੇਬੰਦਕ ਕਮੇਟੀ ਨੂੰ ਸੌਂਪ ਦੇਵੇਗੀ।